ੴ ਸਤਿਗੁਰ ਪ੍ਰਸਾਦਿ ॥
ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥

# ਭਾਈ ਘਣੱਈਆ ਸੇਵਾ ਜੋਤੀ

ਨਵੰਬਰ 2008



## ਗੁਰਬਾਣੀ ਦੇ ਰਚਿਤਾ ਦੇ ਦਰਸ਼ਨ



ਸੇਵਾ ਪੰਥੀ ਗੁਰਮਤਿ ਵਿਦਿਆਲਾ ਗੋਨਿਆਣਾ ਭਾਈ ਜਗਤਾ ਵਿਖੇ ਮਿਤੀ 27, 28 ਸਤੰਬਰ, 2008 ਨੂੰ ਹੋਏ ਕੰਠ-ਸ਼ੁੱਧ ਗੁਰਬਾਣੀ ਉਚਾਰਣ ਅਤੇ ਅਰਥ ਬੋਧ ਮੁਕਾਬਲਿਆਂ ਦੇ ਦ੍ਰਿਸ਼।

ਮਹੰਤ ਕਾਹਨ ਸਿੰਘ ਜੀ, ਪ੍ਰਿੰ: ਬਲਜੀਤ ਸਿੰਘ ਜੀ, ਭਾਈ ਸਾਹਬ ਸਿੰਘ ਜੀ ਸ਼ਾਹਬਾਦ ਮਾਰਕੰਡਾ ਅਤੇ ਭਾਈ ਅਮਨ ਸਿੰਘ ਜੀ ਕਥਾ ਵਾਚਕ ਪਹਿਲੇ ਤੇ ਦੂਜੇ ਸਥਾਨ ਤੇ ਆਉਣ ਵਾਲੀਆਂ ਨੂੰ ਇਨਾਮ ਵੰਡਦੇ ਹੋਏ, ਭਾਈ ਮਨਦੀਪ ਸਿੰਘ ਅਤੇ ਭਾਈ ਕੁਲਵੰਤ ਸਿੰਘ ਇਨਾਮ ਪ੍ਰਾਪਤ ਕਰਦੇ ਹੋਏ।





ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ', ਪ੍ਰਿੰ: ਬਲਜੀਤ ਸਿੰਘ ਜੀ ਮਿਸ਼ਨਰੀ ਕਾਲਜ ਰੋਪੜ ਨੂੰ ਸਨਮਾਨਿਤ ਕਰਦੇ ਹੋਏ।

ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ' ਭਾਈ ਸਾਹਬ ਸਿੰਘ ਜੀ ਸ਼ਾਹਬਾਦ ਮਾਰਕੰਡਾ ਨੂੰ ਸਨਮਾਨਿਤ ਕਰਦੇ ਹੋਏ।



ੴ ਸਤਿਗੁਰ ਪ੍ਰਸਾਦਿ ॥

ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥

# ਭਾਈ ਘਨੱਈਆ ਸੇਵਾ ਜੋਤੀ ਪੰਜਾਬੀ ਮਾਸਿਕ


ਸਾਲ : 24ਵਾਂ ਅੰਕ : ਗਿਆਰਵਾਂ ਨਵੰਬਰ 2008 ਕੀਮਤ : ਅਮੁੱਲ



ਫਾਂਊਡਰ : ਸਵ: ਮਹੰਤ ਤੀਰਥ ਸਿੰਘ 'ਸੇਵਾ ਪੰਥੀ',

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ', ਫੋਨ 0164-2262012, ਮੋਬਾ: 98140-04503,

ਸਰਪ੍ਰਸਤ : ਮੀਤ ਮਹੰਤ ਸੰਤ ਰਣਜੀਤ ਸਿੰਘ 'ਸੇਵਾ ਪੰਥੀ'
ਫੋਨ : 2262276, ਮੋਬਾ: 98140-35191
ਸੰਤ ਹਰਪਾਲ ਸਿੰਘ 'ਸੇਵਾ ਪੰਥੀ' ਗੋਨਿਆਣਾ ਭਾਈ ਜਗਤਾ
ਸੁ: ਤ੍ਰਿਲੋਚਣ ਸਿੰਘ 'ਸੇਠੀ', ਮੁੰਬਈ।

ਮੁੱਖ ਸਲਾਹਕਾਰ : ਸੰਤ ਜਗਜੀਤ ਸਿੰਘ 'ਭਾਈਆ' ਮੋਬਾ:98140-90142
ਸ:ਹਰਵਿੰਦਰ ਸਿੰਘ 'ਟੀਟੂ', ਹਰੀ ਨਗਰ, ਦਿੱਲੀ ਮੋਬਾ:98100-89645
ਸ: ਗੁਰਬਚਨ ਸਿੰਘ ਚੱਢਾ ਲੰਡਨ (U.K.), ਸ: ਵਜਿੰਦਰ ਸਿੰਘ ਐਡਵੋਕੇਟ, ਅੰਬਾਲਾ
ਸ: ਸੁਰਜਨ ਸਿੰਘ ਘੁਲਿਆਣੀ ਮੋਬਾ: 98552-06378
ਸ੍ਰੀਮਤੀ ਭੁਪਿੰਦਰ ਕੌਰ ਪਤਨੀ ਸੁ: ਜੀ.ਐਸ. ਬਜਾਜ ਦਿੱਲੀ,
ਸੁ: ਜਸਪਾਲ ਸਿੰਘ, ਹਿੰਦੁਸਤਾਨ ਰੈਫਰੀਜੇਸ਼ਨ ਦਿੱਲੀ।

**ਸੰਪਾਦਕੀ ਬੋਰਡ**

ਫਾਊਂਡਰ ਇੰਟਰਨੈਟ ਐਡੀਟਰ : ਸਵ: ਭੁਪਿੰਦਰ ਸਿੰਘ 'ਸੇਵਾ ਪੰਥੀ'
ਮੁੱਖ ਸੰਪਾਦਕ : ਚਮਨ ਸਿੰਘ 'ਚਮਨ' **Ph.2262152,M.98140-75504**
ਇੰਚਾਰਜ ਜਨਰਲ ਦਫਤਰ : ਮੈਡਮ ਸਤੀਸ਼ ਸ਼ਾਹਣੀ B.SC.(Medical) B.Ed.
Mob. 98884-00061, Ph. 2262051 (Office)
ਸ: ਸੰਪਾਦਕ : ਅਮਰਜੀਤ ਸਿੰਘ 'ਮਾਛੀਵਾੜਾ', ਗੁਰਮੀਤ ਕੌਰ 'ਮੀਤ'


## ਤਤਕਰਾ


| ਲੋਅ | ਪ੍ਰਕਾਸ਼ਮਾਨ ਜੋਤਾਂ | ਪੰਨਾ |
|---|---|---|
| ਮੰਘਿਰਿ ਮਹੀਨੇ ਦਾ ਮੂਲ ਪਾਠ ਤੇ ਵਿਸ਼ੇਸ਼ ਤਿੱਥ-ਤਿਉਹਾਰ | ਸ. ਸੰਪਾਦਕ | 2 |
| ਸੰਪਾਦਕੀ | ਚਮਨ ਸਿੰਘ 'ਚਮਨ' | 3 |
| ਪੰਜਾਬ ਦਾ ਗੌਰਵ | ਚਮਨ ਸਿੰਘ 'ਚਮਨ' | 5 |
| ਵਧਾਈ ਸੰਦੇਸ਼ ਗੁਰੂ ਨਾਨਕ ਪ੍ਰਕਾਸ਼ ਦਿਵਸ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 7 |
| ਪ੍ਰੋਗਰਾਮ ਪ੍ਰਚਾਰ ਯਾਤਰਾ | ਮੈਨੇਜਰ ਜਗਦੇਵ ਸਿੰਘ | 8 |
| ਕਥਾ ਸੁਖਮਨੀ ਸਾਹਿਬ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 9 |
| ਲੜੀਵਾਰ ਕਥਾ ਬਾਵਨ ਅਖਰੀ | ਮਹੰਤ ਕਾਹਨ ਸਿੰਘ 'ਸੇਵਾ ਪੰਥੀ' | 11 |
| ਗੁਰੂ ਨਾਨਕ ਦੇਵ ਜੀ ਦੀ ਸੰਸਾਰ ਫੇਰੀ ਦਾ ਸੰਖੇਪ | ਸੰਪਾਦਕ | 13 |
| ਗੁਰੂ ਨਾਨਕ ਦੇਵ ਜੀ ਦਾ ਜੀਵਨ ਤੇ ਸਿਧਾਂਤ | ਡਾ. ਹਰੀ ਰਾਮ ਗੁਪਤਾ | 15 |
| ਸਿੱਖ ਧਰਮ ਦਾ ਵਿਸ਼ਵ ਦ੍ਰਿਸ਼ਟੀਕੋਣ | ਸੁ. ਅਮਨ ਸਿੰਘ 'ਕਤਲੌਰ' | 22 |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ | ਡਾ. ਜਗਜੀਤ ਸਿੰਘ | 2 |
| ਅਦੁੱਤੀ ਸ਼ਹੀਦੀ ਸਾਕੇ | ਮਹਿੰਦਰ ਸਿੰਘ 'ਜੋਸ਼' | 30 |
| ਭਾਈ ਜੀਵਨ ਸਿੰਘ ਰੰਘਰੇਟਾ | ਸੁ. ਜਸਵੰਤ ਸਿੰਘ ਤਾਨ | 31 |
| ਮਾਤਾ ਸਾਹਿਬ ਕੌਰ ਜੀ | ਸੁ. ਜਸਬੀਰ ਸਿੰਘ | 35 |
| ਊਚ ਤੇ ਊਚ ਨਾਮਦੇਉ ਸਮਦਰਸੀ | ਤੇਜਾ ਸਿੰਘ ਤਿਲਕ | 37 |
| ਵਰ ਘਰ | ਸਿਲਵੰਤ ਕੌਰ | 40 |

ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

## ਮੰਘਿਰਿ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

| | | | | |
|---|---|---|---|---|
| ਸੰਮਤ ਬਿਕ੍ਰਮੀ | 2065 | ਗੁਰਪੁਰਬ ਤੇ | ਪੰਚਮੀ | 3 ਨਵੰਬਰ |
| ਸੰਮਤ ਨਾਨਕਸ਼ਾਹੀ | 540 | ਵਿਸ਼ੇਸ਼ ਦਿਵਸ | ਪੂਰਨਮਾਸ਼ੀ | 13 ਨਵੰਬਰ |
| ਸੰਮਤ ਖਾਲਸਾ | 310 | | ਸੰਗ੍ਰਾਂਦ | 14 ਨਵੰਬਰ |
| ਸੰਮਤ ਸਾਕਾ | 1930 | ਨਵੰਬਰ 2008 | ਮੱਸਿਆ | 27 ਨਵੰਬਰ |

| ਗੁਰਪੁਰਬ ਤੇ ਵਿਸ਼ੇਸ਼ ਦਿਵਸ | ਪ੍ਰੰਪਰਾਗਤ ਅਨੁਸਾਰ | ਨਾਨਕਸ਼ਾਹੀ ਕੈਲੰਡਰ ਅਨੁਸਾਰ |
|---|---|---|
| ★ ਅਵਤਾਰ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ | 13 ਨਵੰਬਰ | 13 ਨਵੰਬਰ |
| ★ ਜੋਤੀ ਜੋਤਿ ਸ੍ਰੀ ਗੁਰੂ ਤੇਗ ਬਹਾਦਰ ਜੀ | ............... | 24 ਨਵੰਬਰ |
| ★ ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ | ............... | 24 ਨਵੰਬਰ |
| ★ ਜੋਤੀ ਜੋਤਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 30 ਨਵੰਬਰ | ............... |
| ★ ਜਨਮ ਮਾਤਾ ਸਾਹਿਬ ਕੌਰ ਜੀ | 3 ਨਵੰਬਰ | 1 ਨਵੰਬਰ |
| ★ ਨਿਊ ਪੰਜਾਬ ਡੇ | 1 ਨਵੰਬਰ | 1 ਨਵੰਬਰ |
| ★ ਸ਼ਹੀਦੀ ਬਾਬਾ ਦੀਪ ਸਿੰਘ ਜੀ | 13 ਨਵੰਬਰ | 13 ਨਵੰਬਰ |
| ★ ਬਾਲ ਦਿਵਸ | 14 ਨਵੰਬਰ | 14 ਨਵੰਬਰ |
| ★ ਸ਼ਹੀਦੀ ਲਾਲ ਲਾਜਪਤ ਰਾਏ ਜੀ | ............... | 17 ਨਵੰਬਰ |
| ★ ਸ਼ਹੀਦੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ | 24 ਨਵੰਬਰ | 24 ਨਵੰਬਰ |
| ★ ਜਨਮ ਦਿਨ ਸਾਹਿਬਜਾਦਾ ਜ਼ੋਰਾਵਰ ਸਿੰਘ ਜੀ | 28 ਨਵੰਬਰ | 28 ਨਵੰਬਰ |

# ਸੰਪਾਦਕੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਦਾ ਅਦੁੱਤੀ ਸੁਮੇਲ

ਮਨੁੱਖਾ ਜੀਵਨ ਦਾ ਅਸਲ ਆਨੰਦ ਤਾਂ ਹੀ ਮਾਣਿਆ ਜਾ ਸਕਦਾ ਹੈ, ਜੇ ਇਸ ਦੇ ਮਨੋਰਥ ਤੋਂ, ਇਸਦੇ ਉਦੇਸ਼ ਤੋਂ ਜਾਣੂ ਹੋ ਕੇ, ਉਸਦੀ ਪੂਰਤੀ ਲਈ ਯਤਨ ਕੀਤਾ ਜਾਏ। ਸਤਿਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਸਾਡੇ ਸਮਾਜ ਦੀ ਦੁਰਗਤੀ ਦਾ ਕਾਰਨ ਇਹੋ ਸੀ ਕਿ ਕਿਸੇ ਨੂੰ ਵੀ ਜੀਵਨ-ਉਦੇਸ਼ ਦੀ ਸੋਝੀ ਨਹੀਂ ਸੀ। ਉਸ ਸਮੇਂ ਦੇ ਅਖੌਤੀ ਆਗੂ ਵੀ ਅਗਿਆਨਤਾ ਦੇ ਹਨੇਰੇ ਵਿੱਚ ਠੋਕਰਾਂ ਖਾ ਰਹੇ ਸਨ। ਇਹ ਧਾਰਮਿਕ ਆਗੂ ਆਪਣੇ ਸੁਆਰਥਾਂ ਦੀ ਪੂਰਤੀ ਲਈ ਲੋਕਾਂ ਨੂੰ ਕੁਰਾਹੇ ਪਾ, ਉਨ੍ਹਾਂ ਦੇ ਉਜਾੜੇ ਦਾ ਕਾਰਨ ਬਣ ਰਹੇ ਸਨ। ਇਨ੍ਹਾਂ ਬਾਰੇ ਸਤਿਗੁਰੂ ਜੀ ਨੇ ਬਾਣੀ ਵਿੱਚ ਕਿਹਾ :

"ਕਾਦੀ ਕੂੜੁ ਬੋਲਿ ਮਲੁ ਖਾਇ। ਬ੍ਰਾਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥"

(ਪੰਨਾ-੬੬੨)

ਹਾਕਮ ਅਤੇ ਜਗੀਰਦਾਰ ਸ਼੍ਰੇਣੀ ਲੋਕਾਂ ਨੂੰ ਦੋਹੀਂ ਹੱਥੀਂ ਲੁੱਟਣ ਵਿੱਚ ਮਸ਼ਰੂਫ ਸੀ ਤੇ ਆਪਣੇ ਆਪ ਨੂੰ ਧਾਰਮਿਕ ਆਗੂ ਕਹਾਉਣ ਵਾਲੇ ਇਸ ਲੁੱਟ ਵਿੱਚ ਪੂਰੀ ਤਰ੍ਹਾਂ ਸ਼ਰੀਕ ਸਨ। ਇਹ ਲੋਕ ਸਮਾਜ ਵਿੱਚ ਗਿਆਨ ਦਾ ਚਾਨਣ ਵੰਡਣ ਦੀ ਥਾਂ ਅਗਿਆਨਤਾ ਦਾ ਹਨੇਰਾ ਫੈਲਾ ਰਹੇ ਸਨ ਤਾਂ ਕਿ ਲੋਕ ਇਨ੍ਹਾਂ ਦੇ ਅਧਾਰਮਿਕ ਕਿਰਦਾਰ ਤੋਂ ਜਾਣੂ ਹੋ ਕੇ ਵਿਦਰੋਹ ਨਾ ਕਰ ਦੇਣ।

ਸਤਿਗੁਰੂ ਨਾਨਕ ਦੇਵ ਜੀ ਨੇ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਅਗਿਆਨਤਾ ਦੇ ਹਨੇਰੇ ਵਿੱਚ ਭਟਕ ਰਹੇ ਲੋਕਾਂ ਨੂੰ ਮਨੁੱਖਾ-ਜੀਵਨ ਦਾ ਉਦੇਸ਼ ਸਮਝਾਇਆ। ਉਨ੍ਹਾਂ ਨੇ ਲੋਕਾਂ ਨੂੰ ਵਹਿਮਾਂ-ਭਰਮਾਂ, ਕਰਮ-ਕਾਂਡਾਂ ਤੇ ਅੰਧ-ਵਿਸ਼ਵਾਸ਼ ਦੀ ਜਿੱਲ੍ਹਣ ਵਿੱਚੋਂ ਕੱਢ ਕੇ ਸਮਾਜਿਕ ਤੇ ਰਾਜਨੀਤਿਕ ਪੱਖ ਤੋਂ ਸੁਚੇਤ ਕਰ ਸੱਚ ਦਾ ਰਾਹ ਦਿਖਾਇਆ। ਇਸ ਰਾਹ ਤੇ ਤੁਰਨ ਵਾਲੇ ਪਾਂਧੀਆਂ ਦਾ ਸਮੁੱਚਾ ਕਾਫਲਾ ਹੌਲੀ-ਹੌਲੀ ਇੱਕ ਜਥੇਬੰਦੀ ਦਾ ਰੂਪ ਧਾਰਨ ਕਰ ਗਿਆ, ਜਿਸਨੂੰ ਪੰਥ ਕਿਹਾ ਗਿਆ। ਇਸੇ ਪੰਥ ਨੂੰ ਗੁਰਮੁੱਖ ਪੰਥ ਜਾਂ ਨਿਰਮਲ ਪੰਥ ਕਿਹਾ ਗਿਆ। ਇਹੋ ਨਿਰਮਲ ਪੰਥ ਦਸਮ ਪਾਤਸ਼ਾਹ ਦੇ ਸਮੇਂ ਖਾਲਸਾ ਪੰਥ ਦਾ ਰੂਪ ਅਖਤਿਆਰ ਕਰ ਗਿਆ। ਇਸ ਖਾਲਸਾ ਪੰਥ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਦੇ ਕੇ ਗੁਰੂ ਪੰਥ ਵਜੋਂ ਪ੍ਰਵਾਨਗੀ ਦਿੱਤੀ।

ਇਥੇ ਇਹ ਗੱਲ ਵਰਨਣਯੋਗ ਹੈ ਕਿ ਸਿੱਖਾਂ ਨੂੰ ਜਥੇਬੰਦਕ ਰੂਪ ਵਿੱਚ ਸੰਗਠਿਤ ਕਰਨ ਦਾ ਕਾਰਜ ਗੁਰੂ ਨਾਨਕ ਸਾਹਿਬ ਤੋਂ ਹੀ ਸ਼ੁਰੂ ਹੋ ਗਿਆ ਸੀ। ਪੁਰਾਤਨ ਜਨਮ ਸਾਖੀਆਂ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੌਰਾਨ ਸੰਗਤ ਦੀ ਪ੍ਰਥਾ ਸਥਾਪਿਤ ਕੀਤੀ ਸੀ। ਸਮਾਜ ਸੁਧਾਰ ਦੇ ਬਹੁਤ ਸਾਰੇ ਕਾਰਜਾਂ ਨੂੰ ਸੰਗਤ ਰਾਹੀਂ ਹੀ ਸਿਰੇ ਚਾੜ੍ਹਿਆ ਗਿਆ। ਲੰਗਰ ਦੀ ਪ੍ਰਥਾ, ਦਸਵੰਧ ਦੀ ਪ੍ਰਥਾ ਦਾ ਸਿੱਧਾ ਸਬੰਧ ਸੰਗਤ ਨਾਲ ਹੀ ਹੈ। ਸਿੱਖੀ ਵਿੱਚ ਸੰਗਤ ਦਾ ਦਰਜਾ ਇਤਨਾ ਉੱਚਾ ਹੈ ਕਿ "ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇਂ ਵਰਗੀਆਂ ਧਾਰਨਾਵਾਂ ਇਸਦੀ ਪੁਸ਼ਟੀ ਕਰਦੀਆਂ ਹਨ। ਸੰਗਤ ਨੂੰ ਗੁਰੂ-ਰੂਪ ਕਹਿ ਸੰਬੋਧਨ ਕਰਨ ਦੀ ਰਵਾਇਤ ਅੱਜ ਵੀ ਬਾ-ਦਸਤੂਰ ਜਾਰੀ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤ ਨੂੰ ਖਾਲਸੇ ਦੇ ਰੂਪ ਵਿੱਚ ਸਾਜ ਕੇ ਇਸਨੂੰ ਇੱਕ ਨਿਸ਼ਚਿਤ ਜਥੇਬੰਦੀ ਦਾ ਰੂਪ ਦੇ ਦਿੱਤਾ। ਗੁਰੂ ਜੀ ਨੇ ਪੰਜ ਪਿਆਰੇ ਸਾਜੇ, ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਤੇ ਫਿਰ ਆਪ ਉਨ੍ਹਾਂ ਪਾਸੋਂ ਹੀ ਅੰਮ੍ਰਿਤ ਦੀ ਦਾਤ ਲੈ ਕੇ ਖਾਲਸਾ ਪੰਥ ਨੂੰ ਗੁਰੂ ਦਾ ਦਰਜਾ ਦੇ ਦਿੱਤਾ। ਕਹਿਣ ਤੋਂ ਭਾਵ ਕਿ ਹੁਣ ਗੁਰੂ ਵਿਅਕਤੀ ਦੀ ਥਾਂ ਗੁਰੂ ਪੰਥ ਦਾ ਸਿਧਾਂਤ ਸ਼ੁਰੂ ਹੋ ਗਿਆ। ਇਹ ਇਕ ਇਨਕਲਾਬੀ ਅਤੇ ਜਮਹੂਰੀ ਪੈਂਤੜਾ ਸੀ, ਜਿਸਨੇ ਸ਼ਖਸੀ ਗੁਰੂ ਦੀ ਮਹੱਤਤਾ ਨੂੰ ਅਸਵੀਕਾਰ ਕਰਕੇ ਹਿੰਦੁਸਤਾਨੀ ਗੁਰੂ ਪਰੰਪਰਾ ਨਾਲੋਂ ਸਿੱਖ ਗੁਰੂ ਪਰੰਪਰਾ ਦੀ ਵਿਲੱਖਣਤਾ ਨੂੰ ਸਪੱਸ਼ਟ ਰੂਪ ਵਿੱਚ ਉਘਾੜ ਕੇ ਸਾਹਮਣੇ ਲਿਆਂਦਾ।

ਸਿੱਖੀ ਵਿੱਚ 'ਗੁਰੂ ਗ੍ਰੰਥ' ਅਤੇ 'ਗੁਰੂ ਪੰਥ' ਦਾ ਅਨੋਖਾ ਸੁਮੇਲ ਹੈ। ਇਕ ਦਾ ਸਬੰਧ ਗੁਰੂ ਪਰੰਪਰਾ ਦੇ ਸਿਧਾਂਤਕ ਪੱਖ ਨਾਲ ਹੈ, ਜਦੋਂ ਕਿ ਦੂਜੇ ਦਾ ਵਿਵਹਾਰਕ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ ਤੇ ਵਿਵਹਾਰਕ ਪੱਖ ਨਾਲ। ਸਿਧਾਂਤਕ ਪੱਖ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੁਰੂ ਹਨ। ਦੋਵੇਂ ਇੱਕ ਦੂਜੇ ਦੇ ਪੂਰਕ ਹਨ, ਵੱਖ-ਵੱਖ ਭਾਸਦੇ ਹੋਏ ਵੀ ਇੱਕ ਹਨ, ਜਿਵੇਂ ਆਤਮਾ ਤੇ ਸ਼ਰੀਰ। ਗੁਰੂ ਪੰਥ, ਗੁਰੂ ਗ੍ਰੰਥ ਦੇ ਸਿਧਾਂਤ ਨੂੰ ਸਮਾਜ ਵਿੱਚ ਵਿਵਹਾਰਕ ਤੌਰ ਤੇ ਸਥਾਪਿਤ ਕਰਨ ਦਾ ਕਾਰਜ ਕਰਦਾ ਹੈ। ਇਤਿਹਾਸ ਗਵਾਹ ਹੈ ਕਿ ਅਠ੍ਹਾਰਵੀਂ ਸਦੀ ਵਿੱਚ ਘੋਰ ਸੰਕਟ ਦੇ ਵੇਲੇ ਪੰਥ ਦੇ ਅਹਿਮ ਫੈਸਲੇ ਗੁਰਮਤੇ ਦੇ ਰੂਪ ਵਿੱਚ ਹੁੰਦੇ ਰਹੇ ਹਨ। ਗੁਰਮਤੇ ਦੀ ਇਹ ਪਰੰਪਰਾ ਪੰਥ ਨੇ ਗੁਰੂ ਦੀ ਹੈਸੀਅਤ ਵਿੱਚ ਹੀ ਸ਼ੁਰੂ ਕੀਤੀ ਸੀ। ਗੁਰਮਤੇ ਦਾ ਭਾਵ ਹੀ 'ਗੁਰੂ ਦਾ ਫੈਸਲਾ' ਹੈ। ਗੁਰਮਤੇ ਦੀ ਪਰੰਪਰਾ ਹੀ ਇਤਿਹਾਸ ਦੇ ਅਤਿ-ਬਿਖੜੇ ਦੌਰ ਵਿੱਚ ਵੀ ਖਾਲਸੇ ਦੀ ਜਥੇਬੰਦਕ ਸ਼ਕਤੀ ਨੂੰ ਦ੍ਰਿੜਤਾ ਪ੍ਰਦਾਨ ਕਰਦੀ ਰਹੀ ਹੈ ਅਤੇ ਗੁਰੂ ਪੰਥ ਨੂੰ ਨਿਰਣਾਇਕ ਭੂਮਿਕਾ ਨਿਭਾਉਣ ਦੇ ਸਮਰਥ ਬਣਾਉਂਦੀ ਰਹੀ ਹੈ। ਮੁੱਕਦੀ ਗੱਲ ਵਿਵਹਾਰਿਕ ਪੱਧਰ ਅਤੇ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਆਦਿ ਹਰ ਖੇਤਰ ਵਿੱਚ ਪੰਥ ਨੇ ਗੁਰੂ ਰੂਪ ਵਿੱਚ ਹੀ ਅਗਵਾਈ ਕੀਤੀ ਹੈ ਅਤੇ ਅੱਗੋਂ ਵੀ ਕਰਨੀ ਹੈ।

ਸਾਡਾ ਗੁਰੂ ਕੇ ਕਹਾਉਣ ਵਾਲਿਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਸੀ ਖਿੱਚੋਤਾਣ ਨੂੰ ਬੰਦ ਕਰਕੇ ਜਥੇਬੰਦ ਹੋ, ਪੰਥ ਦੇ ਅਸਲ ਮਨੋਰਥ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਰਗਰਮ ਹੋਣ। ਤਾਂਕਿ ਅਜੋਕੇ ਸਮਾਜ ਵਿੱਚੋਂ ਹਰ ਤਰ੍ਹਾਂ ਦੀਆਂ ਬੁਰਾਈਆਂ ਤੋਂ ਕੁਰੀਤੀਆਂ ਨੂੰ ਖਤਮ ਕਰਕੇ ਰੂਹਾਨੀ ਤੇ ਇਖਲਾਕੀ ਕਦਰਾਂ, ਕੀਮਤਾਂ ਨਾਲ ਲੈਸ ਇੱਕ ਨਰੋਏ ਮਨੁੱਖੀ ਸਮਾਜ ਦੀ ਸਿਰਜਣਾ ਕਰ ਸਕੀਏ।

ਇਹ ਸਾਡਾ ਸਭ ਦਾ ਇਖਲਾਕੀ ਫਰਜ਼ ਬਣਦਾ ਹੈ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਵਿਸਾਖੀ ਵਾਲੇ ਪਵਿੱਤਰ ਮੌਕੇ ਤੇ ਖਾਲਸਾ ਪੰਥ ਨੂੰ ਬਖਸ਼ੀ ਵਡਮੁੱਲੀ ਦਾਤ ਨੂੰ ਸਾਂਭਣ ਦਾ ਉਪਰਾਲਾ ਕਰੀਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪਵਿੱਤਰ ਗੁਰਬਾਣੀ ਦੇ ਸਿਧਾਂਤਾਂ ਉਪਰ ਪਹਿਰਾ ਦਿੰਦੇ ਹੋਏ ਆਪਣੇ ਜੀਵਨ ਮਨੋਰਥ ਨੂੰ ਪੂਰਾ ਕਰ ਸਕੀਏ।

ਪ੍ਰਾਰਥਕ :

ਮੁੱਖ ਸੰਪਾਦਕ

ਚਮਨ ਸਿੰਘ 'ਚਮਨ'

ਨਿਊ ਪੰਜਾਬ ਦਿਵਸ ਤੇ ਵਿਸ਼ੇਸ਼

# ਪੰਜਾਬ ਦਾ ਗੌਰਵ

ਪੰਜਾਬ ਨੂੰ ਪੰਜ ਦਰਿਆਵਾਂ ਦਾ ਦੇਸ਼ ਕਿਹਾ ਜਾਂਦਾ ਹੈ, ਜਦੋਂ ਕਿ ਇਹ ਕਦੀ ਕਾਬਲ ਦੇ ਸਿੰਧ ਦਰਿਆ ਦੇ ਮੇਲ ਕਾਰਨ 'ਸਪਤ ਸਿੰਧੂ' ਵੀ ਅਖਵਾਉਂਦਾ ਸੀ ਇਹ ਠੀਕ ਹੈ ਕਿ ਕਿਸੇ ਖਿੱਤੇ ਦੀ ਭਾਗਵਾਨੀ ਦਰਿਆਵਾਂ, ਪਹਾੜਾਂ ਜੰਗਲਾਂ, ਬੇਲਿਆਂ ਸਰਸਬਜ਼ ਮੈਦਾਨਾਂ, ਪੌਣ ਪਾਣੀਆਂ ਅਤੇ ਪਦਾਰਥਕ ਬਹੁਲਤਾ ਕਾਰਣ ਹੀ ਮੰਨੀ ਜਾਂਦੀ ਹੈ। ਪਰ ਮਨੁੱਖੀ ਸਭਿਅਤਾ ਦੀ ਟੇਕ ਕੁਦਰਤੀ ਬਰਕਤਾਂ ਤੋਂ ਇਲਾਵਾ ਰੂਹਾਨੀ ਅਜ਼ਮਤ, ਜਿਸਮਾਨੀ ਕੁੱਵਤ, ਦਿਮਾਗੀ ਰੁਸ਼ਨਾਈ, ਅੰਦਰੂਨੀ ਸਫਾਈ, ਬਹਿਰੂਨੀ ਖ਼ੂਬਸੂਰਤੀ, ਅਣਖ-ਆਣ, ਸ੍ਵੈਮਾਨ ਅਤੇ ਮਾਣ ਤਾਣ ਹੁੰਦਿਆ ਨਿਰਮਾਣਤਾ ਆਦਿ ਤੇ ਨਿਰਭਰ ਕਰਦੀ ਹੈ। ਜਦੋਂ ਇਨ੍ਹਾਂ ਵਿਚੋਂ ਕੋਈ ਗੁਣ ਘੱਟ ਜਾਣ ਤਾਂ ਸਭਿਅਤਾ ਦਾ ਮਹਿਲ ਢਹਿਢੇਰੀ ਹੋ ਜਾਂਦਾ ਹੈ ਤੇ ਦੇਸ਼ ਅਧੋਗਤੀ ਦਾ ਸ਼ਿਕਾਰ ਹੋ ਕੇ ਰਹਿ ਜਾਂਦਾ ਹੈ।

ਪੰਜਾਬ, ਇਸ ਲਈ ਵੱਡਾ ਨਹੀਂ ਕਿ ਮੇਰੀ ਜਨਮ-ਭੂਮੀ ਹੈ। ਪੰਜਾਬ ਇਸ ਲਈ ਮਹਾਨ ਹੈ ਕਿ ਜਿਸ ਭੂਗੋਲਿਕ ਸਥਿਤੀ ਵਿੱਚ ਇਹ ਬਿਰਾਜਮਾਨ ਰਹਿ ਕੇ ਜੀਵਨ ਸੰਗਰਾਮ ਕਰਦਾ ਆਇਆ ਹੈ। ਉਹ ਇੱਕ ਅਨੋਖੀ ਦਾਸਤਾਨ ਹੈ ਜਿਸ ਦੀ ਵਿਆਖਿਆ ਇਤਿਹਾਸ ਕਰਦਾ ਹੈ। ਇਸ ਤੋਂ ਇਲਾਵਾ ਜਿਸ ਕਿਸਮ ਦੇ ਸਰਬੋਤਮ ਇਹ ਪਰਗਟ ਕਰਦਾ ਆਇਆ ਹੈ, ਉਹ ਵੀ ਵਿਸ਼ੇਸ਼ ਗੌਰਵ ਵਾਲੀ ਗੱਲ ਹੈ। ਧਰੂ ਪ੍ਰਹਿਲਾਦ ਵਰਗੇ ਭਗਤ, ਵਸ਼ਿਸ਼ਟ, ਵੇਦ ਵਿਆਸ ਵਰਗੇ ਰਿਸ਼ੀ ਮੁਨੀ, ਪਾਣਿਨੀ ਤੇ ਪੰਤਾਜਲੀ ਵਰਗੇ ਵਿਦਵਾਨ, ਗੋਰਖ ਤੇ ਪੂਰਣ ਜੇਹੇ ਜੋਗੀ, ਸ਼ੇਖ ਫਰੀਦ ਤੇ ਸ਼ੇਖ ਸ਼ਰਫ ਜੈਸੇ ਸੂਫੀ ਫਕੀਰ, ਪੋਰਸ ਤੇ ਜੈ ਪਾਲ ਜੈਸੇ ਅਣਖੀ ਵਰਿਆਮ ਜੋਧੇ, ਹੀਰ ਰਾਂਝੇ ਅਤੇ ਮਹੀਵਾਲ ਜੈਸੇ ਆਸ਼ਕ ਇਸੇ ਦੀ ਵੰਨ-ਸਵੰਨੀ ਸ਼ੋਭਾ ਦਰਸਾਉਂਦੇ ਹਨ। ਸੱਚ ਮੁੱਚ ਇਹੋ ਮਹਾਨ ਗੁਰੂਆਂ, ਪੀਰਾਂ ਪੈਗੰਬਰਾਂ ਦੀ ਪਾਵਨ ਧਰਤੀ ਹੈ।

ਪੰਜਾਬ ਸਭ ਨਸ਼ਲਾਂ, ਜਾਤੀਆਂ ਤੇ ਤਰ੍ਹਾਂ-ਤਰ੍ਹਾਂ ਦੇ ਧਰਮਾਂ, ਮੱਤਾਂ ਦੀ ਰੰਗ ਭੂਮੀ ਰਿਹਾ ਹੈ, ਸਭ ਪੁਰਾਤਨ ਗਿਆਨ ਇੱਥੋਂ ਦੀ ਪੈਦਾਵਾਰ ਹਨ, ਵੇਦ ਮੰਤਰ ਇੱਥੇ ਉਚਾਰੇ ਗਏ, ਉਪਨਿਸ਼ਧਾਂ ਦੇ ਸੰਵਾਦ ਇੱਥੇ ਹੋਏ, ਭਗਵਤ ਗੀਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਲਾਹੀ ਬਾਣੀ ਦੀ ਰਚਨਾ ਇੱਥੇ ਹੋਈ, ਰਿਗਵੇਦ ਵਿੱਚ 'ਸਪਤ ਸਿੰਧੂ' ਨੂੰ ਜਿੰਦਗੀ ਦਾ ਸੋਮਾ ਆਖ ਕੇ ਸਲਾਹਿਆ ਗਿਆ, ਜਿਸ ਨੂੰ ਇਤਿਹਾਸਕ ਸੱਚ ਵਾਂਗ ਪਰਵਾਨ ਕਰਨਾ ਪੈਂਦਾ ਹੈ। ਡਾ: ਰਾਧਾ ਕੁਮਦ ਮੁਕਰ ਜੀ ਨੇ ਦਸੰਬਰ 1952 ਈ: ਨੂੰ ਗਵਾਲੀਅਰ ਵਿਖੇ ਹੋਈ 'ਹਿਸਟਰੀ ਕਾਂਗਰਸ' ਦੇ ਸਮਾਗਮ ਵਿੱਚ ਭਾਸ਼ਨ ਦਿੰਦਿਆਂ ਕਿਹਾ ਸੀ ਆਦਿ ਮਾਨਵ ਪੰਜਾਬ ਦੀਆਂ ਉੱਚੀਆਂ ਸ਼ਿਵਾਲਕ ਦੀਆਂ ਚੋਟੀਆਂ ਤੇ ਵਿਕਸਤ ਹੋਇਆ ਹੋਵੇਗਾ, ਇਸ ਤੱਥ ਨੂੰ ਸਿੱਧ ਕਰਨ ਲਈ ਸਾਡੇ ਪਾਸ ਕਈ ਇਤਿਹਾਸਕ ਪ੍ਰਮਾਣ ਮੌਜੂਦ ਹਨ।

ਇਹ ਸੰਸਾਰ ਦੀ ਪ੍ਰਚੀਨ 'ਖੇਤੀ ਸਭਿਅਤਾ' ਤੇ 'ਸਭਿਆਚਾਰ', ਹੜੱਪਾ, ਮੋਹਿੰਜੁਦਾੜੋ, ਰੋਪੜ, ਸੰਘੋਲ, ਸੁਨੇਤ ਆਦਿ ਥਾਵਾਂ ਤੇ ਪ੍ਰਗਟ ਹੋਈ। ਇਸ ਤਰ੍ਹਾਂ ਦੇ ਵਿਗਿਆਨਕ ਤੱਥ ਟਿਕਾਣੇ ਨੂੰ 'ਮਨੁੱਖਤਾ ਦਾ ਪਘੂੜਾ' ਕਹਿਕੇ ਸਵੀਕਾਰਦੇ ਹਨ। ਮਨੁੱਖ ਵੀ ਇਥੇ ਜੰਮਿਆ ਤੇ ਸਭਿਅਤਾ ਨੇ ਵੀ ਇਥੇ ਅਵਤਾਰ ਲਿਆ। ਗਿਆਨ-ਵਿਗਿਆਨ ਦੀ ਤਾਂ ਗੱਲ ਹੀ ਛੱਡੋ ਇਹ ਤਾਂ ਪੰਜਾਂ ਦਰਿਆਵਾਂ ਦਾ ਪਾਲਿਆ ਪੋਸਿਆ ਬੂਟਾ ਹੈ, ਪੁਰਾਣੇ ਜਮਾਨੇ ਵਿੱਚ ਏਸ਼ੀਆ ਦਾ ਸਭ ਤੋਂ ਵੱਡਾ ਵਿਦਿਆਲਾ ਟੈਕਸਲਾ

ਇੱਥੇ ਹੀ ਸੀ ਪੰਡਿਤ ਜਯਦੇਵ ਵਿਦਿਆਸ਼ੰਕਰ ਦੇ ਸ਼ਬਦਾ ਵਿੱਚ 'ਪੰਜਾਬੀ ਆਚਰਯਾਂ ਦੇ ਚਰਨਾਂ ਵਿੱਚ ਬੈਠ ਬਿਨਾਂ ਕੋਈ ਪੜ੍ਹਿਆ ਲਿਖਿਆ ਨਹੀਂ ਸੀ ਕਹਾ ਸਕਦਾ। ਕੌਸ਼ੀਤਕੀ ਬ੍ਰਾਹਮਣ (600 ਈ: ਪੂਰਬ) ਦੀ ਆਰੀਆ ਵਧੇਰੇ ਸ਼ੁੱਧ ਤੇ ਗਿਆਨ ਭਰਪੂਰ ਹੈ, ਇਸੇ ਲਈ ਲੋਕ ਉਥੇ ਆਪਣੀ ਗਿਆਨ ਦੀ ਪਿਆਸ ਬੁਝਾਉਣ ਲਈ ਜਾਂਦੇ ਤੇ ਜੇ ਕੋਈ ਉਥੋਂ (ਪੰਜਾਬ ਤੋਂ) ਇੱਧਰ ਆਉਂਦਾ ਲੋਕ ਉਸ ਨੂੰ ਸੁਣਨ ਦੀ ਉਚੇਚੀ ਤਾਂਘ ਰੱਖਦੇ।

ਇਸੇ ਇਤਿਹਾਸਕ ਅਮੀਰੀ ਕਾਰਣ ਹਿੰਦ ਦੀਆਂ ਸਰਵਵਿਆਪੀ ਭਾਸ਼ਾਵਾਂ ਸੰਸਕ੍ਰਿਤ, ਹਿੰਦੀ, ਉਰਦੂ ਆਦਿ ਸਭ ਪੰਜਾਬ ਦੀ ਭਾਸ਼ਾ ਦੀ ਰਿਣੀ ਹਨ, ਸਭ ਨੇ ਇੱਥੇ ਦੇ ਸ਼ਬਦ ਭੰਡਾਰ ਦੇ ਮਾਨ ਸਰੋਵਰ ਤੋਂ ਹੀਰੇ ਮੋਤੀ ਹਾਸਲ ਕੀਤੇ ਹਨ। ਇਸ ਭਾਸ਼ਾਈ ਤੇ ਸਾਹਿਤਕ ਗੌਰਵ ਤੋਂ ਬਿਨਾਂ ਬੀਰਤਾ ਬਹਾਦੁਰੀ ਤੇ ਹੋਰ ਅਜਿਹੇ ਗੁਣਾਂ ਕਾਰਣ ਪੰਜਾਬ ਤੇ ਪੰਜਾਬੀਅਤ ਦੀ ਸ਼ੋਭਾ ਸਦਾ ਵਧਦੀ ਆਈ ਤੇ ਭਾਰਤ ਦੇਸ਼ ਦੀ ਵਡਿਆਈ ਨੂੰ ਚਾਰ ਚੰਦ ਲਾਉਂਦੀ ਰਹੀ ਹੈ। ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ (ਪ੍ਰੋ: ਪੂਰਨ ਸਿੰਘ) ਸਾਡਾ ਕਰਤੱਵ ਹੈ ਕਿ ਅਸੀਂ ਇਸ ਦੇ ਗੌਰਵ ਨੂੰ ਕਿਵੇਂ ਹੋਰ ਉਜਾਗਰ ਕਰੀਏ।

ਉਪਾਸ਼ਕ,
ਚਮਨ ਸਿੰਘ 'ਚਮਨ'
ਮੁੱਖ ਸੰਪਾਦਕ

## ਸ੍ਰੀ ਗੁਰੂ ਨਾਨਕ ਪ੍ਰਕਾਸ਼ ਉਤਸਵ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਗੁਰਪੁਰਬ ਸੰਬੰਧੀ ਗੋਨਿਆਣਾ ਭਾਈ ਜਗਤਾ ਵਿਖੇ

## ਵਿਸ਼ੇਸ਼ ਪ੍ਰੋਗਰਾਮ

ਪ੍ਰਭਾਤ ਫੇਰੀਆਂ : ਮਿਤੀ 10 ਨਵੰਬਰ ਤੋਂ 12 ਨਵੰਬਰ 2008 ਤੱਕ ਰੋਜਾਨਾ ਸਵੇਰੇ 4:30 ਵਜੇਂ ਤੋਂ ਪ੍ਰਭਾਤ ਫੇਰੀ ਗੁਰਦੁਆਰਾ ਭਾਈ ਸੁਹੇਲ ਸਿੰਘ ਜੀ ਤੋਂ ਚੱਲਿਆ ਕਰੇਗੀ।

ਨਗਰ ਕੀਰਤਨ : 1 ਮਿਤੀ 13 ਨਵੰਬਰ 2008 ਦੁਪਹਿਰ 12:00 ਵਜੇ ਤੋਂ ਗੁਰੂ ਨਾਨਕ ਗੁਰਪੁਰਬ ਸਬੰਧੀ ਨਗਰ ਕੀਰਤਨ ਗੁਰਦੁਆਰਾ ਭਾਹੀ ਸੁਹੇਲ ਸਿੰਘ ਜੀ ਤੋਂ ਚੱਲ ਕੇ ਇੱਥੇ ਹੀ ਵਾਪਸ ਪੁੱਜੇਗਾ।

ਪ੍ਰਭਾਤ ਫੇਰੀਆਂ : ਮਿਤੀ 19 ਨਵੰਬਰ ਤੋਂ 23 ਨਵੰਬਰ 2008 ਤੱਕ ਰੋਜਾਨਾ ਸਵੇਰੇ 4:30 ਵਜੇਂ ਤੋਂ ਪ੍ਰਭਾਤ ਫੇਰੀ ਗੁਰਦੁਆਰਾ ਭਾਈ ਸੁਹੇਲ ਸਿੰਘ ਜੀ ਤੋਂ ਚੱਲਿਆ ਕਰੇਗੀ।

ਨਗਰ ਕੀਰਤਨ : 2 ਮਿਤੀ 24 ਨਵੰਬਰ 2008 ਸਵੇਰੇ 4:00 ਵਜੇ ਤੋਂ ਸ਼ਹੀਦੀ ਗੁਰਪੁਰਬ ਸੰਬੰਧੀ ਨਗਰ ਕੀਰਤਨ ਗੁਰਦੁਆਰਾ ਭਾਈ ਸੁਹੇਲ ਸਿੰਘ ਜੀ ਤੋਂ ਚੱਲੇਗਾ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਹੈ ਕਿ ਉਪਰੋਕਤ ਅਨੁਸਾਰ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਦੀ ਕ੍ਰਿਪਾਲਤਾ ਕਰਨੀ ਹਾਰਦਿਕ ਧੰਨਵਾਦੀ ਹੋਵਾਂਗੇ।

ਪ੍ਰਾਰਥਕ :-
ਬਲਵੀਰ ਸਿੰਘ ਪ੍ਰਧਾਨ ਤੇ ਸਮੂੰਹ ਮੈਂਬਰਜ਼
ਮੋ:- 98148-63305
ਗੁਰੂ ਤੇਗ ਬਹਾਦਰ ਸੇਵਾ ਦਲ, ਗੋਨਿਆਣਾ ਮੰਡੀ (ਬਠਿੰਡਾ)
ਫੋਨ 0164-2262305

ੴ ਸਤਿਗੁਰ ਪ੍ਰਸਾਦਿ ॥

ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥

ਗੁਰੂ ਨਾਨਕ ਨਾਮ ਲੇਵਾ ਗੁਰਭਾਈਓ ਤੇ ਭੈਣੋ, ਆਪ ਸਭ ਨੂੰ



ਚੜ੍ਹਦੀਕਲਾ ਦੇ ਸੰਦੇਸ਼ਕ, ਸਰਬੱਤ ਦੇ ਭਲੇ ਦੇ ਪ੍ਰੇਰਕ, ਮਾਨਵਤਾ ਦੇ ਪਿਆਰੇ ਕਿਰਤੀਆਂ ਦੇ ਪੈਗੰਬਰ, ਸਾਂਝੀਵਾਲਤਾ ਦੇ ਅਵਤਾਰ, ਮਹਾਨ ਕ੍ਰਾਂਤੀਕਾਰੀ, ਅਦੁੱਤੀ ਗਾਡੀਹਾਰ, ਬਾਣੀ ਦੇ ਭੰਡਾਰ, ਪ੍ਰਕਾਸ਼ ਤੇ ਸੱਚ ਦੇ ਚੰਦ੍ਰਮਾ

ਜਗਤ ਗੁਰੂ

## ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 539ਵੇਂ ਪ੍ਰਕਾਸ਼ ਉੱਤਸਵ ਦੀਆਂ

## ਲੱਖ-ਲੱਖ ਵਧਾਈਆਂ

ਭੇਂਟ ਕਰਤਾ :

### ਮਹੰਤ ਕਾਹਨ ਸਿੰਘ 'ਸੇਵਾ ਪੰਥੀ

ਮੀਤ ਪ੍ਰਧਾਨ ਸੇਵਾ ਪੰਥੀ ਅੱਡਣ ਸ਼ਾਹੀ ਸਭਾ (ਰਜਿ:) ਤੇ

**ਪ੍ਰਧਾਨ ਵ: ਮੁੱਖ ਸਰਪ੍ਰਸਤ ਸਰਬੱਤ ਸੰਸਥਾਵਾਂ ਟਿਕਾਣਾ ਸਾਹਿਬ**

- ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:)
- ਭਾਈ ਘਨੱਈਆ ਚੈਰੀਟੇਬਲ ਟ੍ਰਸਟ (ਰਜਿ:)
- ਭਾਈ ਆਸਾ ਸਿੰਘ ਗਰਲਜ਼ ਕਾਲਜ
- ਭਾਈ ਜਗਤਾ ਜੀ ਸੀਨੀ: ਸੈਕੰਡਰੀ ਸਕੂਲ
- ਭਾਈ ਘਨੱਈਆ ਚੈਰੀਟੇਬਲ ਹਸਪਤਾਲ
- ਸੇਵਾ ਪੰਥੀ ਗੁਰਮਤਿ ਵਿਦਿਆਲਾ
- ਭਾਈ ਸੇਵਾ ਰਾਮ ਵਚਿੱਤਰਸ਼ਾਲਾ
- ਭਾਈ ਘਨੱਈਆ ਸੇਵਾ ਜੋਤੀ
- ਗੁਰੂ ਨਾਨਕ ਲਾਇਬ੍ਰੇਰੀ
- ਦਫ਼ਤਰ ਵਰ ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ।

ਜ਼ਿਲ੍ਹਾ ਬਠਿੰਡਾ (ਪੰਜਾਬ) ਫੋਨ : 2262012, 2262051

# ਪ੍ਰੋਗਰਾਮ ਪ੍ਰਚਾਰ-ਯਾਤਰਾ ਨਵੰਬਰ 2008

ਸ਼੍ਰੀਮਾਨ ਮਹੰਤ ਕਾਹਨ ਸਿੰਘ ਜੀ 'ਸੇਵਾ ਪੰਥੀ'

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਬਠਿੰਡਾ (ਪੰਜਾਬ)

ਕੋਡ : 0164- ਫੋਨ : 2262012, 2262051

ਮੋਬਾਇਲ : 98140-04503

| ਮਿਤੀ | ਨਗਰ | ਪਤਾ ਤੇ ਪ੍ਰੋਗਰਾਮ |
|---|---|---|
| 2-11-2008 | ਦਿੱਲੀ | ਆਨੰਦ ਕਾਰਜ<br>ਕਾਕਾ ਭਵਨੀਤ ਸਿੰਘ ਸਪੁੱਤਰ<br>ਸ੍ਰ: ਜੋਗਿੰਦਰ ਸਿੰਘ<br>ਜੈ ਤੀਰਥ ਮਾਰਬਲ, ਦਿੱਲੀ |
| 11-11-2008 | ਕੋਟਕਪੂਰਾ | ਸਮਾਗਮ<br>ਗੁ: ਸ੍ਰੀ ਗੁਰੂ ਨਾਨਕ ਦੇਵ ਜੀ<br>ਸਤਿਸੰਗ ਸਭਾ<br>ਸੇਵਾਦਾਰ ਪੂਰਨ ਸਿੰਘ ਜੀ<br>ਮੋਬਾ : 94171-05266 |
| 14-11-2008 | ਗੋਨਿਆਣਾ ਭਾਈ ਜਗਤਾ ਜੀ ਵਿਖੇ ਸੰਗਰਾਂਦ ਦਾ ਮਾਸਿਕ ਸਮਾਗਮ | |
| 16-11-2008 | ਕੋਟਕਪੂਰਾ | ਆਨੰਦ ਕਾਰਜ<br>ਬੀਬੀ ਨਰਿੰਦਰ ਕੌਰ<br>ਸਪੁੱਤਰੀ ਸ੍ਰ. ਗੁਰਮੁੱਖ ਸਿੰਘ |
| 16-11-2008 | ਯਮੁਨਾਨਗਰ | ਆਨੰਦ ਕਾਰਜ<br>ਕਾਕਾ ਬਲਵਿੰਦਰ ਸਿੰਘ<br>ਸਪੁੱਤਰ ਸ੍ਰ. ਲਾਲ ਸਿੰਘ<br>(ਪਾਣੀਪਤ) |
| 24-11-2008 | ਅਲਵਰ (ਰਾਜ:) | ਆਰੰਭਤਾ ਸ਼੍ਰੀ ਆਖੰਡ ਪਾਠ<br>ਸ੍ਰ. ਬਲਜੀਤ ਸਿੰਘ ਜੀ ਦੇ ਗ੍ਰਹਿ |

ਲੜੀਵਾਰ ਕਥਾ

# ਸੁਖਮਨੀ ਸਾਹਿਬ

- ਮਹੰਤ ਕਾਹਨ ਸਿੰਘ 'ਸੇਵਾ ਪੰਥੀ''

ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਠਾਕੁਰ ਕਾ ਸੇਵਕੁ ਆਗਿਆਕਾਰੀ ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥
ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥
ਠਾਕੁਰ ਕਉ ਸੇਵਕੁ ਜਾਨੈ ਸੰਗਿ ॥
ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥
ਸੇਵਕ ਕਉ ਪ੍ਰਭ ਪਾਲਨਹਾਰਾ ॥
ਸੇਵਕ ਕੀ ਰਾਖੈ ਨਿਰੰਕਾਰਾ ॥
ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥
ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥ ੩॥

ਠਾਕੁਰ ਕਾ ਸੇਵਕੁ ਆਗਿਆਕਾਰੀ ॥
ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥

**ਅਰਥ :** ਠਾਕੁਰ (ਪ੍ਰਮੇਸ਼ਰ) ਇਸ ਪਉੜੀ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕੇ ਜੋ ਜੀਵ ਉਸ ਪ੍ਰਮੇਸ਼ਰ ਦਾ ਆਗਿਆਕਾਰੀ (ਹੁਕਮ ਮੰਨਣ ਵਾਲਾ) ਹੁੰਦਾ ਹੈ ਉਹ ਜੀਵ ਹਮੇਸ਼ਾ ਹੀ ਆਪਣੇ ਮਾਲਕ ਦਾ ਪੂਜਾਰੀ (ਪੂਜਾ) ਕਰਦਾ ਰਹਿੰਦਾ ਹੈ ਭਾਵ ਉਸ ਦੇ ਹੁਕਮ ਵਿੱਚ ਹੀ ਰਹਿੰਦਾ ਹੈ ।

ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥

ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥

**ਅਰਥ :** ਉਸ ਪ੍ਰਮੇਸ਼ਰ ਦੀ ਪੂਜਾ ਕਰਨ ਵਾਲੇ ਸੇਵਕ ਦੇ ਮਨ ਵਿੱਚ ਹਮੇਸ਼ਾ ਪਰਤੀਤਿ (ਭਰੋਸਾ) ਪ੍ਰਮਾਤਮਾ ਪ੍ਰਤੀ ਬਣਿਆ ਰਹਿੰਦਾ ਹੈ ਅਤੇ ਉਸ ਸੇਵਕ ਦੀ ਜੀਵਨ ਮ੍ਰਿਯਾਦਾ ਭਾਵ ਜੀਵਨ ਦਾ ਢੰਗ ਵੀ ਨਿਰਮਲ ਹੁੰਦਾ ਹੈ ।

ਠਾਕੁਰ ਕਉ ਸੇਵਕੁ ਜਾਨੈ ਸੰਗਿ ॥

ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥

**ਅਰਥ :** ਉਹ ਸੇਵਕ ਉਸ ਪ੍ਰਮੇਸ਼ਰ ਨੂੰ ਸਦਾ ਆਪਣੇ ਨਾਲ ਰਹਿੰਦਾ ਜਾਣਦਾ ਹੈ ਕਿਉਂਕਿ ਉਹ ਉਸ ਪ੍ਰਮੇਸ਼ਰ ਦੇ ਨਾਮ ਦੇ ਰੰਗ ਵਿੱਚ ਭਾਵ ਪ੍ਰੇਮ ਵਿੱਚ ਰੰਗਿਆ ਹੋਣ ਤੇ ਆਨੰਦ ਖੇੜੇ ਵਿੱਚ ਰਹਿੰਦਾ ਹੈ ।

ਸੇਵਕ ਕਉ ਪ੍ਰਭ ਪਾਲਨਹਾਰਾ ॥

ਸੇਵਕ ਕੀ ਰਾਖੈ ਨਿਰੰਕਾਰਾ ।

**ਅਰਥ :** ਅੱਗੇ ਮਹਾਰਾਜ ਕਹਿੰਦੇ ਹਨ ਕੇ ਅਜਿਹੇ ਸੇਵਕ ਦੀ ਉਹ ਪ੍ਰਭੂ ਪ੍ਰਮੇਸ਼ਰ ਮਾਂ ਪਿਉ ਵਾਂਗ ਪਾਲਣਾ ਕਰਦਾ ਹੈ ਹਰ ਥਾਂ ਤੇ ਉਹ ਨਿਰੰਕਾਰ ਵਾਹਿਗੁਰੂ ਉਸ ਸੇਵਕ ਦੀ ਇੱਜਤ ਰੱਖਦਾ ਹੈ । ਅਜਿਹੇ ਸੇਵਕ ਨੂੰ ਦੁੱਖ ਸੁੱਖ ਇੱਕ ਸਮਾਨ ਲਗਦੇ ਹਨ ।

ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥

ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥ ੩॥

**ਅਰਥ :** ਸੇਵਕ ਵੀ ਉਹ ਜੀਵ ਬਣ ਸਕਦੇ ਹਨ ਜਿਨ੍ਹਾਂ ਉਪਰ ਉਹ ਵਾਹਿਗੁਰੂ ਪ੍ਰਭੂ ਪ੍ਰਮਾਤਮਾ ਆਪ ਕਿਰਪਾ ਕਰਦਾ ਹੈ । ਮਹਾਰਾਜ ਕਹਿੰਦੇ ਹਨ ਕਿ ਅਜਿਹੇ ਸੇਵਕ ਦੀ ਇਹ ਨਿਸ਼ਾਨੀ ਹੈ ਕਿ ਉਹ ਹਰ ਵੇਲੇ ਸ੍ਵਾਸ ਸ੍ਵਾਸ ਉਸ ਪ੍ਰਭੂ ਨੂੰ ਯਾਦ ਕਰਦਾ ਹੈ ਭਾਵ ਦੁਨੀਆਂ ਦੇ ਹੋਰ ਰੰਗ ਤਮਾਸ਼ਿਆਂ ਵੱਲੋਂ ਉਦਾਸੀਨ ਹੋ ਕੇ ਇਕ ਪ੍ਰਮਾਤਮਾ ਨੂੰ ਹੀ ਯਾਦ ਕਰਦਾ ਹੈ ।

(ਚਲਦਾ)

ੴ ਸਤਿਗੁਰ ਪ੍ਰਸਾਦਿ ॥

# ਗਉੜੀ ਬਾਵਨ ਅਖਰੀ ਮਹਲਾ-੫

- ਮਹੰਤ ਕਾਹਨ ਸਿੰਘ 'ਸੇਵਾ ਪੰਥੀ'

- ਲੜੀ ਜੋੜਨ ਲਈ ਪਿਛਲੇ ਮਹੀਨੇ ਦਾ ਅੰਕ ਪੜ੍ਹੋ ।

ਸਲੋਕੁ ॥

ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥
ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥੧॥

ਪਉੜੀ ॥

ਮੰਮਾ ਮਾਗਨਹਾਰ ਇਆਨਾ ॥
ਦੇਨਹਾਰ ਦੇ ਰਹਿਓ ਸੁਜਾਨਾ ॥
ਜੋ ਦੀਨੋ ਸੋ ਏਕਹਿ ਬਾਰ ॥
ਮਨ ਮੂਰਖ ਕਹ ਕਰਹਿ ਪੁਕਾਰ ॥
ਜਉ ਮਾਗਹਿ ਤਉ ਮਾਗਹਿ ਬੀਆ ॥
ਜਾ ਤੇ ਕੁਸਲ ਨ ਕਾਹੂ ਥੀਆ ॥
ਮਾਗਿਨ ਮਾਗ ਤ ਏਕਹਿ ਮਾਗ ॥
ਨਾਨਕ ਜਾ ਤੇ ਪਰਹਿ ਪਰਾਗ ॥ ੪੧ ॥

ਸਲੋਕੁ ॥

ਮਾਇਆ ਡੋਲੈ ਬਹੁ ਬਿਧੀ ਮਨੁ ਲਪਟਿਓ ਤਿਹ ਸੰਗ ॥
ਮਾਗਨ ਤੇ ਜਿਹ ਤੁਮ ਰਖਹੁ ਸੁ ਨਾਨਕ ਨਾਮਹਿ ਰੰਗ ॥

ਪਦ-ਅਰਥ : ਮਾਇਆ - ਮਾਇਆ ਵਿੱਚ, ਮਾਇਆ ਦੀ ਖਾਤਰ ਮਾਗਨ ਤੇ- ਮਾਇਆ ਮੰਗਣ ਤੋਂ, ਨਾਮਹਿ - ਨਾਮ ਵਿੱਚ ਹੀ, ਰੰਗ - ਪਿਆਰ

ਅਰਥ : ਮਨੁੱਖ ਦਾ ਮਨ ਕਈ ਤਰੀਕਿਆਂ ਨਾਲ ਮਾਇਆ ਦੀ ਖਾਤਰ ਹੀ ਡੋਲਦਾ ਰਹਿੰਦਾ ਹੈ, ਮਾਇਆ ਨਾਲ ਹੀ ਚੰਬੜਿਆ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਫਰਮਾਂਉਦੇ ਹਨ ਹੇ ਪ੍ਰਭੂ ਜੀ ਜਿਸ ਜੀਵ ਨੂੰ ਮਾਇਆ ਦੀ ਮੰਗ ਤੋਂ ਮੁਕਤ ਕਰਦੇ ਹੋ ਉਹ ਮਨੁੱਖ ਪ੍ਰਭੂ ਦੇ ਨਾਮ ਦੇ ਪ੍ਰੇਮ ਵਿੱਚ ਰੰਗਿਆ ਰਹਿੰਦਾ ਹੈ। ਮਾਇਆ ਦੀ ਖਾਤਰ ਦੌੜ ਭੱਜ ਤੋਂ ਮੁਕਤ ਹੋ ਜਾਂਦਾ ਹੈ।

## ਪਉੜੀ

ਮੰਮਾ ਮਾਗਨਹਾਰ ਇਆਨਾ ॥
ਦੇਨਹਾਰ ਦੇ ਰਹਿਓ ਸੁਜਾਨਾ ॥

ਅਰਥ : ਮੰਮੇ ਅੱਖਰ ਦੁਆਰਾ ਗੁਰੂ ਸਾਹਿਬ ਜੀ ਸਮਝਾਉਦੇ ਹਨ ਕਿ ਬੇਸਮਝ ਜੀਵ ਹਰ ਵੇਲੇ (ਮਾਇਆ ਹੀ ਮਾਇਆ) ਮੰਗਦਾ ਰਹਿੰਦਾ ਹੈ। ਇਹ ਨਹੀ ਸਮਝਦਾ ਕਿ ਸਭ ਦੇ ਦਿਲਾਂ ਦੀ ਜਾਨਣ ਵਾਲਾ ਦਾਤਾਰ ਸਭ ਪਦਾਰਥ ਦੇਈ ਜਾ ਰਿਹਾ ਹੈ।

ਜੋ ਦੀਨੋ ਸੋ ਏਕਹਿ ਬਾਰ ॥
ਮਨ ਮੂਰਖ ਕਹ ਕਰਹਿ ਪੁਕਾਰ ॥

ਅਰਥ : ਹੇ ਮੂਰਖ ਮਨ ! ਤੂੰ ਕਿਉ ਸਦਾ ਮਾਇਆ ਵਾਸਤੇ ਹੀ ਤਰਲੇ ਲੈ ਰਿਹਾ ਹੈ ? ਉਸ ਦੀਆਂ ਦਿੱਤੀਆਂ ਦਾਤਾਂ ਤਾਂ ਕਦੇ ਮੁੱਕਣ ਵਾਲੀਆਂ ਹੀ ਨਹੀ ਹਨ।

ਜਉ ਮਾਗਹਿ ਤਉ ਮਾਗਹਿ ਬੀਆ ॥
ਜਾ ਤੇ ਕੁਸਲ ਨ ਕਾਹੂ ਥੀਆ ॥

ਅਰਥ : ਮਨੁੱਖ ਜਦੋਂ ਭੀ ਮੰਗਦਾ ਹੈਂ (ਨਾਮ ਤੋਂ ਬਿਨਾਂ) ਹੋਰ-ਹੋਰ ਚੀਜ਼ਾਂ ਹੀ ਮੰਗਦਾ ਰਹਿੰਦਾ ਹੈ ਜਿੰਨ੍ਹਾਂ ਤੋਂ ਕਦੇ ਕਿਸੇ ਨੂੰ ਭੀ ਆਤਮਕ ਸੁਖ ਨਹੀ ਮਿਲਿਆ।

ਮਾਗਿਨ ਮਾਗ ਤ ਏਕਹਿ ਮਾਗ ॥
ਨਾਨਕ ਜਾ ਤੇ ਪਰਹਿ ਪਰਾਗ ॥ ੪੧ ॥

ਅਰਥ : ਨਾਨਕ ਗੁਰੂ ਜੀ ਸਮਝਾਉਦੇ ਹਨ ਕਿ ਹੇ ਜੀਵ ਤੂੰ ਮੰਗ ਮੰਗਣੀ ਹੀ ਹੈ ਤਾਂ ਪ੍ਰਭੂ ਦਾ ਨਾਮ ਹੀ ਮੰਗ, ਜਿਸ ਦੀ ਬਰਕਤਿ ਨਾਲ ਤੂੰ ਮਾਇਨ ਪਦਾਰਥਾਂ ਦੀ ਮੰਗ ਤੋਂ ਮੁਕਤ ਹੋ ਜਾਵੇਗਾ।

(ਚਲਦਾ )

# ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਸੰਸਾਰ ਫੇਰੀ ਦਾ ਸੰਖੇਪ



ਅਵਤਾਰ ਧਾਰਿਆ - ਕੱਤਕ ਸੁਦੀ 15, ਸੰਮਤ 1526 ਬਿਕ੍ਰਮੀ ਪੂਰਨਮਾਸ਼ੀ ਮੁਤਾਬਿਕ 15 ਨਵੰਬਰ ਸੰਨ 1469 ਈਸਵੀ।

ਜਨਮ ਅਸਥਾਨ - ਰਾਏ ਭੋਇੰ ਦੀ ਤਲਵੰਡੀ ਸ੍ਰੀ ਨਨਕਾਣਾ ਸਾਹਿਬ ਜ਼ਿਲਾ ਸ਼ੇਖੂਪੁਰਾ (ਪਾਕਿਸਤਾਨ)

ਪਿਤਾ - ਮਹਿਤਾ ਕਲਿਆਣ ਰਾਏ ਜੀ, ਬੇਦੀ ਵੰਸ਼ ਵਿੱਚੋਂ।

ਮਾਤਾ - ਮਾਤਾ ਤ੍ਰਿਪਤਾ ਜੀ

ਵਿਆਹ - ਸ੍ਰੀ ਸੁਲੱਖਣੀ ਜੀ ਸਪੁੱਤਰੀ ਸ੍ਰੀ ਮੂਲ ਚੰਦ ਜੀ ਬਟਾਲਾ ਨਿਵਾਸੀ ਨਾਲ, 24 ਜੇਠ ਸੰਮਤ 1544 ਬਿਕ੍ਰਮੀ 1487 ਈਸਵੀ ਨੂੰ।

ਸੰਤਾਨ - ਦੋ ਸਪੁੱਤਰ ਬਾਬਾ ਸ੍ਰੀ ਚੰਦ ਜੀ ਤੇ ਬਾਬਾ ਲਖਮੀ ਦਾਸ ਜੀ।

ਬਾਣੀ ਰਚਨਾ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ 947 ਸ਼ਬਦ, 19 ਰਾਗਾਂ ਵਿੱਚ।

ਪ੍ਰਮੁੱਖ ਰਚਨਾਵਾਂ - ਜਪੁ ਜੀ, ਸਿੱਧ ਗੋਸਟਿ, ਆਸਾ ਦੀ ਵਾਰ, ਬਾਰਹਾ ਮਾਹ, ਰਾਗ ਤੁਖਾਰੀ, ਪੱਟੀ, ਮਾਂਝ ਤੇ ਮਲ੍ਹਾਰ ਦੀ ਵਾਰ।

ਵਿਸ਼ੇਸ਼ ਜੀਵਨ ਘਟਨਾਵਾਂ - ਬਚਪਨ ਵਿੱਚ ਪਾਂਧੇ, ਪਰੋਹਤ ਤੇ ਵੈਦ ਨੂੰ ਉਪਦੇਸ਼, ਸੱਚਾ ਸੌਦਾ ਕਰਨਾ, ਸਰਪ ਨੇ ਛਾਂ ਕਰਨੀ, ਮੋਦੀਖਾਨੇ ਤੇਰਾ-ਤੇਰਾ ਤੋਲਣਾ, ਵੇਈ ਨਦੀ

ਵਿੱਚ ਪ੍ਰਵੇਸ਼ ਕਰਨਾ ਆਦਿ । ਜਗਤ ਜਲੰਦੇ ਨੂੰ ਤਾਰਨ ਤੇ ਠਾਰਨ ਹਿਤ ਚਾਰ ਮਹਾਨ ਉਦਾਸੀਆਂ ਕੀਤੀਆਂ । ਜਿਨ੍ਹਾਂ ਦੌਰਾਨ ਆਪ ਏਮਨਾਬਾਦ, ਹਰਿਦੁਆਰ, ਮਥਰਾ, ਕਾਂਸ਼ੀ, ਗਯਾ, ਜਗਨਨਾਥ ਪੁਰੀ, ਜੈਸਲਮੇਰ, ਅਜਮੇਰ, ਪੁਸ਼ਕਰ ਆਬੂ, ਉਜੈਨ, ਨਾਂਦੇੜ, ਬਿਦਰ, ਰਾਮੇਸ਼ਵਰਮ, ਸੰਗਲਾਦੀਪ, ਸੋਮਨਾਥ, ਦਵਾਰਕਾ, ਜਵਾਲਾਮੁਖੀ, ਮਨੀਕਰਨ, ਸੁਕੇਤ ਮੰਡੀ, ਚੰਬਾ, ਗੋਰਖਪੁਰ, ਪੀਲੀਭੀਤ, ਉਤਰਕਾਂਸ਼ੀ, ਤਿੱਬਤ, ਭੂਟਾਨ, ਨੇਪਾਲ, ਚੀਨ, ਗੁਜਰਾਤ, ਮੁਲਤਾਨ, ਸਿੰਧ, ਬਲੋਚਿਤਤਾਨ, ਮੱਕਾ-ਮਦੀਨਾ, ਬਗਦਾਦ, ਜਲਾਲਾਬਾਦ, ਹਸਨ-ਅਬਦਾਲ, ਪੁਣਛ ਅਤੇ ਸਿਆਲਕੋਟ ਆਦਿ ਕਈ ਦੂਰ-ਦੁਰੇਡੇ ਥਾਂਈ ਪੁੱਜੇ, ਵੱਖ-ਵੱਖ ਧਰਮਾਂ ਦੇ ਭਰਮ-ਗੜ੍ਹਾਂ ਨੂੰ ਤੋੜਿਆ, ਊਚ-ਨੀਚ ਦਾ ਭੇਦ ਮਿਟਾਇਆ ਨਾਮ ਜਪਣ, ਵੰਡ ਛਕਣ ਤੇ ਧਰਮ ਦੀ ਕਿਰਤ ਕਰਨ ਦੀ ਜਾਂਚ ਸਿਖਾਈ ।

ਰਾਏ ਬੁਲਾਰ ਗੋਪਾਲ ਪਾਂਧਾ, ਹਰਦਿਆਲ ਪਰੋਹਤ, ਦੌਲਤ ਖਾਂ ਲੋਧੀ, ਭਾਈ ਲਾਲੋ, ਭਾਈ ਮਰਦਾਨਾ, ਮਨਸੁਖ ਭਾਗੀਰਥ, ਦੁਨੀ ਚੰਦ, ਸ਼ੇਖ ਸੱਜਣ, ਮੀਆਂ ਮਿੱਠਾ ਹਮਜਾ ਗੌਸ, ਸਾਲਸਰਾਇ, ਨੂਰ ਸ਼ਾਹ ਝੰਡਾਬਾਢੀ, ਕੌਡਾ ਰਾਖਸ਼, ਵਾਲੀ ਕੰਧਾਰੀ, ਰਾਜਾ ਸ਼ਿਭਨਾਭ, ਪੰਡਤ ਬ੍ਰਹਮਦਾਸ, ਪੀਰ ਬਹਿਲੋਲ, ਜੀਵਨ ਭੂਮੀਆਂ, ਮਾਲਕ ਭਾਗੋ, ਬਾਬਰ ਆਦਿ ਅਨੇਕਾਂ ਨੂੰ ਆਪ ਨੇ ਵਰੋਸਾਇਆ ਅਤੇ ਸ਼ੁੱਭ ਕਰਮਨ ਦਾ ਉਪਦੇਸ਼ ਦਿੱਤਾ ।

ਆਪ ਸਿੱਖ ਧਰਮ ਦੇ ਬਾਨੀ ਹਨ । ਸੰਸਾਰ ਦੇ ਪੈਗੰਬਰਾਂ ਵਿੱਚ ਆਪ ਨੂੰ ਵਿਸ਼ੇਸ਼ ਰੁਤਬਾ ਪ੍ਰਾਪਤ ਹੈ । ਭਾਈ ਗੁਰਦਾਸ ਜੀ ਲਿਖਦੇ ਹਨ :-

ਮਾਰਿਆ ਸਿਕਾ ਜਗਤਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ ॥

ਜੋਤੀ-ਜੋਤਿ ਸਮਾਏ : ਅੱਸੂ ਸੁਦੀ 10, ਸੰਮਤ 1596 ਬਿਕ੍ਰਮੀ ਮੁਤਾਬਿਕ, 22 ਸਤੰਬਰ ਸੰਨ 1539 ਈਸਵੀ ਕਰਤਾਰਪੁਰ (ਪਾਕਿਸਤਾਨ) ਵਿਖੇ ।

ਸਮਕਾਲੀ ਬਾਦਸ਼ਾਹ : ਬਹਿਲੋਲ, ਸਿਕੰਦਰ, ਇਬਰਾਹੀਮ ਲੋਧੀ, ਬਾਬਰ ਤੇ ਹਮਾਯੂੰ ।

# ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜੀਵਨ

-ਡਾ. ਹਰੀ ਰਾਮ ਗੁਪਤਾ

ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਨੂੰ ਬੇਦੀ ਕੁੱਲ ਵਿਖੇ , ਪਿੰਡ ਤਲਵੰਡੀ ਵਿੱਚ ਹੋਇਆ ਇਹ ਥਾਂ ਅੱਜ-ਕੱਲ੍ਹ ਨਨਕਾਣਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ ਅਤੇ ਲਾਹੌਰ ਤੋਂ 65 ਕਿਲੋਮੀਟਰ ਦੱਖਣ ਪੱਛਮ ਵਿੱਚ ਹੈ । ਗੁਰੂ ਜੀ ਦੇ ਜੀਵਨ ਨੂੰ ਤਿੰਨਾਂ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ : 1. ਪਰਿਵਾਰਕ ਜੀਵਨ 1469 ਤੋਂ 1496 ਤੱਕ (27 ਸਾਲ) ਗੁਰੂ ਨਾਨਕ ਦੇਵ ਜੀ ਨੂੰ ਇਸ ਸਮੇਂ ਰੱਬੀ ਗਿਆਨ ਪਰਾਪਤ ਹੋਇਆ ਹੈ । ਉਹਨਾਂ ਦੇ 'ਅੰਤਰ-ਆਤਮੇ ਵਿਵੇਕ ਬੁੱਧੀ ਦਾ ਪਾਸਾਰ ਹੋਇਆ ਸੀ 2. ਉਦਾਸੀਆਂ ਦਾ ਸਮਾਂ, 1496 ਤੋਂ 1521 ਤਕ, (25 ਸਾਲ) ਇਸ ਦੌਰਾਨ, ਗੁਰੂ ਨਾਨਕ ਦੇਵ ਜੀ ਨੂੰ ਦੂਜਿਆਂ ਧਰਮਾਂ ਨਾਲ ਵਾਹ ਪਿਆ ਅਤੇ ਨਾਲ ਹੀ ਉਹਨਾਂ ਨੇ ਆਪਣੇ ਧਰਮ ਦਾ ਸਿਧਾਂਤਕ ਪੱਖ ਵੀ ਪੇਸ਼ ਕੀਤਾ 3. ਦਰਿਆ ਰਾਵੀ ਦੇ ਕੰਢੇ, ਕਰਤਾਰਪੁਰ ਆ ਕੇ ਨਿਵਾਸ ਕਰਨਾ, 1522 ਤੋਂ 1539 ਤੱਕ (18 ਸਾਲ) ਇਸ ਸਮੇਂ ਗੁਰੂ ਜੀ ਨੇ ਸਿੱਖ ਮਤ ਦੀ ਨੀਂਹ ਰੱਖੀ ਸੀ ।

ਗੁਰੂ ਨਾਨਕ ਦੇਵ ਜੀ ਦੇ ਪਿਤਾ ਮਹਿਤਾ ਕਾਲੂ ਚੰਦ, ਪਿੰਡ ਦੇ ਪਟਵਾਰੀ ਜਾਂ ਹਿਸਾਬ-ਕਿਤਾਬ ਰੱਖਣ ਵਾਲੇ ਸਨ । ਗੁਰੂ ਜੀ ਨੇ ਆਪਣੀ ਹਿਸਾਬ ਕਿਤਾਬ ਦੀ ਸਿੱਖਿਆ, ਇੱਕ ਬ੍ਰਾਹਮਣ ਅਧਿਆਪਕ ਪਾਸੋਂ ਲੰਡੇ (ਮਹਾਜਨੀ ਲਿਪੀ) ਵਿੱਚ ਲਾਈ ਸੀ । ਫ਼ਾਰਸੀ ਤੇ ਅਰਬੀ ਭਾਸ਼ਾਵਾਂ ਦਾ ਗਿਆਨ, ਉਹਨਾਂ ਨੂੰ, ਇਕ ਮੌਲਵੀ ਪਾਸੋਂ ਪਰਾਪਤ ਹੋਇਆ, ਜਿਸ ਦਾ ਨਾਂ ਸਿਵਾਰ-ਉੱਲ-ਮੁਤਾਖ਼ਰੀਨ' ਦੇ ਕਰਤਾ ਨੇ ਸੱਯਦ-ਹਸਨ ਦਿੱਤਾ ਹੈ । ਆਤਮਕ ਮਗਨਤਾ ਕਾਰਨ ਉਹ ਹਿੰਦੂ, ਮੁਸਲਮਾਨ ਸਾਧਾਂ-ਸੰਤਾਂ ਦੀ ਸੰਗਤ ਵਿੱਚ ਰਹਿ ਕੇ ਪ੍ਰਸੰਨ ਹੁੰਦੇ ਸਨ । ਝੂਠੀਆਂ ਮਨੌਤਾਂ ਅਤੇ ਹਰ ਤਰ੍ਹਾਂ ਦੇ ਅਧਿਭੌਤਿਕ ਵਰਤਾਰਿਆਂ ਪ੍ਰਤੀ ਉਹਨਾਂ ਦੇ ਮਨ ਵਿੱਚ ਨਿਸਚਿਤ ਘਿਰਣਾ ਪੈਦਾ ਹੋ ਗਈ । ਉਹਨਾਂ ਦੇ ਦਿਲ ਵਿੱਚ, ਆਪਣੇ ਪਿਤਾ ਦੇ ਕਾਰ ਵਿਹਾਰ ਜਾਂ ਪਿਤਾ ਪੁਰਖੀ ਕੰਮ ਸਿੱਖਣ ਦੀ ਜ਼ਰਾ ਜਿੰਨੀ ਵੀ ਲਾਲਸਾ ਨਾ ਉਪਜੀ । ਉਹ ਪਰਮਾਤਮਾ ਦੇ ਸਿਦਕੀ ਭਗਤ ਦੇ ਨਾਤੇ ਮਨੁੱਖਤਾ ਦੀ ਸੇਵਾ ਕਰਨਾ ਚਾਹੁੰਦੇ ਸਨ । ਸੰਸਾਰਕ ਧੰਧਿਆਂ ਵਿੱਚ ਗਿੜੇ ਪਿਤਾ ਕਾਲੂ ਨੂੰ ਗੁਰੂ ਨਾਨਕ ਦੇਵ ਜੀ ਦਾ ਇਹ ਵਿਵਹਾਰ ਬਿਲਕੁਲ ਪਸੰਦ ਨਹੀਂ ਸੀ। ਉਹਨਾਂ ਦਾ ਧਿਆਨ ਪਲਟਣ ਲਈ, ਛੋਟੀ ਉਮਰ ਵਿੱਚ ਹੀ ਉਹਨਾਂ ਦਾ ਵਿਆਹ ਬਟਾਲੇ ਕਰ ਦਿੱਤਾ ਗਿਆ ।

ਉਹਨਾਂ ਦੇ ਦੋ ਸਾਹਿਬਜ਼ਾਦੇ ਸ੍ਰੀ ਚੰਦ ਤੇ ਲਖਮੀ ਦਾਸ ਸਨ । ਗੁਰੂ ਨਾਨਕ ਦੇਵ ਜੀ ਦਾ ਵਿਆਹੁਤਾ ਜੀਵਨ ਵੀ ਉਹਨਾਂ ਦੇ ਦ੍ਰਿਸ਼ਟੀਕੋਣ ਨੂੰ ਨਾ ਪਲਟ ਸਕਿਆ । ਪਿਤਾ ਪੁੱਤਰ ਵਿਚਲੇ ਆਪਸੀ ਸੰਬੰਧਾਂ ਨੂੰ ਵਿਗੜਨ ਤੋਂ ਬਚਾਣ ਲਈ, ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੇਬੇ ਨਾਨਕੀ, ਜੋ ਕਪੂਰਥਲੇ ਦੇ ਨੇੜੇ ਸੁਲਤਾਨਪੁਰ ਵਿਆਹੀ ਹੋਈ ਸੀ । ਆਪਣੇ ਵੀਰ ਨੂੰ ਆਪਣੇ ਘਰ ਲੈ ਗਈ । ਉਥੇ ਇਹਨਾਂ ਦੇ ਭਾਈਆ ਜੈ ਰਾਮ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਦੌਲਤ ਖ਼ਾਨ ਲੋਧੀ ਦੇ ਮੋਦੀਖ਼ਾਨੇ ਵਿੱਚ, ਇੱਕ ਮੋਦੀ ਲਗਵਾ ਦਿੱਤਾ ।

ਗੁਰੂ ਨਾਨਕ ਦੇਵ ਜੀ ਨੂੰ ਦਿਆਨਤਦਾਰੀ ਤੇ ਸਿਦਕ ਨਾਲ ਕੰਮ ਕੀਤਾ ਅਤੇ ਥੋੜੇ ਸਮੇਂ ਵਿੱਚ ਹੀ ਹਰਮਨ ਪਿਆਰੇ ਮੋਦੀ ਬਣ ਗਏ । ਉਹ ਹਮੇਸ਼ਾ ਹੀ ਰੱਬੀ-ਧਿਆਨ ਵਿੱਚ ਮਗਨ ਰਹਿੰਦੇ ਅਤੇ ਕੰਮ

ਕਾਰ ਦੇ ਦੌਰਾਨ ਅਤੇ ਪਿਛੋਂ ਆਪਣਾ ਕੁੱਝ ਸਮਾਂ ਰੱਬੀ-ਉਸਤਤ ਦੇ ਸ਼ਬਦ ਗਾਉਣ ਵਿੱਚ ਲਗਾਂਦੇ ਸਨ। ਤਲਵੰਡੀ ਦਾ ਇੱਕ ਮੁਸਲਮਾਨ ਮਰਾਸੀ (ਸਾਜ਼ਗਾਰ) ਮਰਦਾਨਾ, ਜੋ ਗੁਰੂ ਨਾਨਕ ਦੇਵ ਜੀ ਨਾਲੋਂ ਕੋਈ 10 ਸਾਲ ਵੱਡਾ ਸੀ, ਉਹਨਾਂ ਦੀ ਸੁਰੀਲੀ ਆਵਾਜ਼ - ਚੰਗੀ ਰਹਿਣੀ-ਬਹਿਣੀ ਤੇ ਰੱਬ ਪ੍ਰਤੀ ਸੱਚੀ ਭਗਤੀ ਵੇਖ, ਉਹਨਾਂ ਦਾ ਭੌਰਾ ਬਣ ਗਿਆ। ਪਿਤਾ ਕਾਲੂ ਦੇ ਕਹਿਣ 'ਤੇ ਮਰਦਾਨਾ, ਗੁਰੂ ਨਾਨਕ ਦੇਵ ਜੀ ਨੂੰ ਰੱਬੀ ਉਪਾਸ਼ਨਾ ਵੱਲੋਂ ਹਟਾ ਕੇ ਸਫਲ ਦੁਨਿਆਵੀ ਜੀਵਨ ਬਿਤਾਉਣ ਵਲ ਪ੍ਰੇਰਨ ਲਈ ਸੁਲਤਾਨਪੁਰ ਆਇਆ ਸੀ, ਪਰ ਗੁਰੂ ਨਾਨਕ ਦੇਵ ਜੀ ਦੇ ਨੂਰੀ ਜਲਾਲ ਥੱਲੇ ਆ ਗਿਆ ਅਤੇ ਜਦੋਂ ਵੀ ਗੁਰੂ ਜੀ ਰੱਬੀ ਉਸਤਤ ਵਿੱਚ ਸ਼ਬਦ ਗਾਉਂਦੇ, ਤਾਂ ਉਹ ਰਬਾਬ 'ਤੇ ਉਹਨਾਂ ਨਾਲ ਸੰਗਤ ਕਰਨ ਲੱਗ ਪਿਆ। ਲੋਕੀਂ ਗੁਰੂ ਨਾਨਕ ਦੇਵ ਜੀ ਦੇ ਰੱਬੀ ਸ਼ਬਦ ਸੁਣਨ ਲਈ ਬਹੁ ਗਿਣਤੀ ਵਿੱਚ ਇਕੱਤਰ ਹੋਣੇ ਸ਼ੁਰੂ ਹੋ ਗਏ ਸਨ।

## ਵਿਵੇਕ-ਬੁਧੀ ਦੀ ਪ੍ਰਾਪਤੀ

ਗੁਰੂ ਨਾਨਕ ਦੇਵ ਜੀ ਵੀ ਹੋਰ ਲੋਕਾਂ ਵਾਂਗ ਅੰਮ੍ਰਿਤ ਵੇਲੇ ਉਠ ਕੇ, ਸ਼ਹਿਰ ਦੇ ਲਾਗਿਉਂ ਵਗਦੀ ਇੱਕ ਨਦੀ ਵਿੱਚ ਇਸ਼ਨਾਨ ਕਰਨ ਜਾਂਦੇ ਸਨ। ਇੱਕ ਦਿਨ ਵੇਈਂ ਨਦੀ ਵਿੱਚ ਇਸ਼ਨਾਨ ਕਰਨ ਪਿਛੋਂ ਉਹ ਲਾਗੇ ਦੀ ਇੱਕ ਗੁਫ਼ਾ ਵਿੱਚ ਨਾਮ ਸਿਮਰਨ ਲਈ ਗਏ ਅਤੇ ਉਥੇ ਹੀ ਸਮਾਧੀ ਵਿੱਚ ਜੁੜ ਗਏ। ਪੂਰੇ ਤਿੰਨ ਦਿਨ ਉਹ ਲਾ-ਪਤਾ ਰਹੇ ਅਤੇ ਸ਼ਹਿਰ ਵਿੱਚ ਇਹ ਗੱਲ ਆਮ ਧੁੰਮ ਗਈ ਕਿ ਗੁਰੂ ਜੀ ਨਦੀ ਵਿੱਚ ਹੀ ਵਹਿ ਗਏ ਹੋਣਗੇ। ਗੁਰੂ ਸਾਹਿਬ ਤਾਂ ਰੱਬੀ ਨਾਮ-ਸਿਮਰਨ ਵਿੱਚ ਮਗਨ ਸਨ ਅਤੇ ਇਸ ਸਮੇਂ ਉਹਨਾਂ ਨੂੰ ਰੱਬੀ-ਜੋਤ ਤੇ ਰੱਬੀ ਮਾਰਗ ਦੀ ਸੋਝੀ ਹੋਈ। ਜਿਨ੍ਹਾਂ ਜਿਨ੍ਹਾਂ ਸਮੱਸਿਆਵਾਂ ਵਿੱਚ ਸਮਕਾਲੀ ਸਮਾਜ ਗ੍ਰਸਿਆ ਹੋਇਆ ਸੀ, ਉਹਨਾਂ ਦਾ ਹੱਲ ਲੱਭਣ ਲਈ ਪੂਰੀ ਵਾਹ ਲਾਉਣ।

ਜਦੋਂ ਗੁਰੂ ਸਾਹਿਬ ਸੰਸਾਰੀ ਸੁਰਤ ਵਿੱਚ ਆਏ, ਤਾਂ ਉਹਨਾਂ ਅੰਦਰ ਰੱਬੀ ਜੋਤ ਲਿਸ਼ਕਾਂ ਮਾਰ ਰਹੀ ਸੀ। ਗੁਫ਼ਾ ਵਿੱਚੋਂ ਨਿਕਲਦਿਆਂ ਹੀ ਉਹਨਾਂ ਨੇ 'ਨ ਕੋ ਹਿੰਦੂ ਨਾ ਮੁਸਲਮਾਨ' ਦਾ ਨਾਅਰਾ ਲਾਇਆ। ਇਸ ਨਾਅਰੇ ਤੋਂ ਗੁਰੂ ਨਾਨਕ ਦੇਵ ਜੀ ਦਾ ਇਹ ਭਾਵ ਸੀ : ਪਹਿਲਾਂ ਕਿ ਸਾਰੇ ਵਿਅਕਤੀ ਮਨੁੱਖੀ ਜੀਵ ਹਨ ਅਤੇ ਉਸ ਪ੍ਰਮਾਤਮਾ ਵਰਤੀ ਮਨੁੱਖੀ ਸਾਂਝੀਵਾਲਤਾ 'ਤੇ ਜ਼ੋਰ ਦਿੰਦੇ ਸਨ। ਦੂਜੇ ਉਹਨਾਂ ਦਾ ਇਸ਼ਾਰਾ ਇਸ ਗੱਲ ਵੱਲ ਵੀ ਸੀ ਕਿ ਹਿੰਦੂਆਂ ਅਤੇ ਮੁਸਲਮਾਨਾਂ ਨੇ ਆਪਣੇ ਆਪਣੇ ਧਰਮਾਂ ਦੇ ਸਿਧਾਂਤਾਂ ਨੂੰ ਤਿਲਾਂਜਲੀ ਦੇ ਦਿੱਤੀ ਸੀ ਅਤੇ ਹੁਣ ਉਹ ਨਾ ਸੱਚੇ ਹਿੰਦੂ ਤੇ ਨਾ ਹੀ ਸੱਚੇ ਮੁਸਲਮਾਨ ਰਹਿ ਗਏ ਹਨ। ਤੀਜੇ ਗੁਰੂ ਸਾਹਿਬ ਨੇ ਦੱਸਿਆ ਕਿ ਉਹਨਾਂ ਦਾ ਜੀਵਨ ਮਨੋਰਥ ਦੋਹਾਂ ਕੌਮਾਂ ਵਿਚਕਾਰ ਸਮਝੌਤਾ ਕਰਾਉਣ ਅਤੇ ਉਹਨਾਂ ਵਿਚਲੇ ਪ੍ਰਸਪਰ ਵੈਰ ਵਿਰੋਧ ਨੂੰ ਦੂਰ ਕਰਨਾ ਸੀ, ਤਾਂ ਕਿ ਦੋਵੇਂ ਕੌਮਾਂ ਰਲ ਕੇ ਸ਼ਾਂਤਮਈ ਜੀਵਨ ਬਿਤਾ ਸਕਣ ਅਤੇ ਆਪਣੇ ਆਪਣੇ ਧਰਮ ਵਿੱਚ ਸੱਚੇ ਅਰਥਾਂ ਵਿੱਚ ਪਰਪੱਕ ਹੋ ਸਕਣ।

ਗੁਰੂ ਸਾਹਿਬ ਨੇ ਪੰਜਾਂ ਗੱਲਾਂ 'ਤੇ ਵਧੇਰੇ ਜ਼ੋਰ ਦਿੱਤਾ 1. ਰੱਬੀ ਨਾਂ ਜਾਂ ਨਾਮ ਦੀ ਉਪਾਸ਼ਨਾ ਅਤੇ ਰੱਬੀ-ਉਸਤਤ ਦੇ ਸ਼ਬਦ ਗਾਉਣੇ, 2. ਦਾਨ-ਸਦਾਵਰਤ ਲਾਉਣਾ, 3. ਇਸ਼ਨਾਨ-ਅੰਮ੍ਰਿਤ ਵੇਲੇ ਉਠ ਕੇ ਸਰੀਰ ਨੂੰ ਪਵਿੱਤਰ ਤੇ ਨਿਰੋਗ ਰੱਖਣ ਲਈ ਇਸ਼ਨਾਨ ਕਰਨਾ, 4. ਸੇਵਾ-ਮਨੁੱਖਤਾ ਤੇ ਰੱਬ ਦੀ ਸੇਵਾ, 5. ਸਿਮਰਨ-ਰੱਬੀ ਨਾਂ ਦਾ ਅਜਪਾ ਜਾਪ ਕਰਨਾ ਅਤੇ ਮਿਹਰ ਪ੍ਰਾਪਤੀ ਤੇ ਸ੍ਵੈ-ਪੂਰਤੀ ਜਾਂ ਮੁਕਤੀ ਪ੍ਰਾਪਤ ਕਰਨ ਲਈ ਉਸ ਅਗੇ ਅਰਦਾਸ ਕਰਨੀ।

# ਗੁਰੂ ਨਾਨਕ ਦੇਵ ਜੀ ਦੇ ਧਰਮ ਦੇ ਮੁੱਖ ਸਿਧਾਂਤ

1. ਗੁਰੂ ਸਾਹਿਬ ਦਾ ਰੱਬ ਦਾ ਸੰਕਲਪ : ਗੁਰੂ ਨਾਨਕ ਦੇਵ ਜੀ ਇਕ ਤੇ ਕੇਵਲ ਇਕ ਪਰਮਾਤਮਾ ਵਿੱਚ ਵਿਸ਼ਵਾਸ਼ ਰੱਖਦੇ ਸਨ, ਜਿਸ ਦਾ ਸਰੂਪ ਉਹਨਾਂ ਨੇ ਜਪੁਜੀ ਵਿੱਚ ਇਵੇਂ ਪੇਸ਼ ਕੀਤਾ ਹੈ :

ੴ ਸਤਿਨਾਮੁ ਕਰਤਾ ਪੁਰਖੁ
ਨਿਰਭਉ ਨਿਰਵੈਰੁ ਅਕਾਲ ਮੂਰਤਿ
ਅਜੂਨੀ ਸੈਭੰ ਗੁਰ ਪ੍ਰਸਾਦਿ ॥

ਇਸ ਦੇ ਨਾਲ ਨਾਲ ਗੁਰੂ ਸਾਹਿਬ ਨੇ ਇਹ ਵੀ ਵਿਚਾਰ ਪੇਸ਼ ਕੀਤੇ ਹਨ :

" ਜੋ ਕੁਝ ਜੋਤ ਸਰੂਪ ਦਿਸਦਾ ਹੈ, ਉਹ ਤੇਰਾ ਹੀ ਸਿਰਜਿਆ ਹੋਇਆ ਹੈ :
ਤੂੰ ਇਸ ਜੋਤੀ ਦਾ ਪਾਤਸ਼ਾਹ ਹੈਂ :
ਤੇਰੀ ਚਮਕ ਸਦਕਾ ਹੀ ਸਭ ਵਸਤੂਆਂ ਚਮਕਦੀਆਂ ਹਨ ।"

ਗੁਰੂ ਸਾਹਿਬ ਦਾ ਰੱਬ ਸ਼ਖ਼ਸੀ ਤੇ ਰਹਿਮ ਦਿਲ ਸੀ । ਜਿਨ੍ਹਾਂ ਵਿਅਕਤੀਆਂ ਦਾ ਉਸ 'ਤੇ ਦਿਲੀ ਵਿਸ਼ਵਾਸ ਸੀ, ਉਹ ਦੁੱਖ ਤਕਲੀਫ਼ ਵੇਲੇ ਉਹਨਾਂ ਦੀ ਸਹਾਇਤਾ ਕਰਦਾ ਸੀ । ਸੱਚੀ ਲਗਨ, ਆਪਾ ਤਿਆਗ, ਨਿਰਾ ਦੁਹਰਾਓ ਤੇ ਕਰਮ ਕਾਂਡਾਂ ਦੇ ਵਿਰੁੱਧ ਲਗਾਤਾਰ ਨਾਮ ਸਿਮਰਨ ਮਨੁੱਖ ਨੂੰ ਇਸ ਯੋਗ ਬਣਾ ਦੇਣਗੇ ਕਿ ਉਹ ਸਹਿਜੇ ਹੀ ਰੱਬ ਨੂੰ ਆਪਣੇ ਅੰਦਰ ਵਸਾ ਸਕੇਗਾ । ਗੁਰੂ ਸਾਹਿਬ ਦੱਸਦੇ ਹਨ ਕਿ ਐ ਬੰਦੇ 'ਜੇ ਕਰ ਤੂੰ ਪ੍ਰਭੂ ਪਿਆਰੇ ਨੂੰ ਮਿਲਣਾ ਚਾਹੁੰਦਾ ਹੈ, ਤਾਂ ਤੂੰ ਆਪਣਾ ਆਪ ਮੇਟ ਦੇ " ਇਕ ਥਾਂ ਗੁਰੂ ਸਾਹਿਬ ਫਿਰ ਲਿਖਦੇ ਹਨ :

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ ॥
ਗੁਰ ਪਰਸਾਦੀ ਰਾਮੁ ਮਨਿ ਵਸੈ ਤਾਂ ਫਲੁ ਪਾਵੈ ਕੋਇ ॥

ਗੁਰੂ ਨਾਨਕ ਦੇਵ ਜੀ ਮੁਤਾਬਿਕ ਸਤਿਨਾਮ (ਸੱਚੇ ਨਾਂ ) ਤੋਂ ਬਿਨਾਂ ਕਿਸੇ ਬੰਦੇ ਨੂੰ ਮੁਕਤੀ ਨਹੀਂ ਮਿਲ ਸਕਦੀ । ਨਾਮ ਤੋਂ ਭਾਵ ਪਰਮਾਤਮਾ ਦੀ ਭਗਤੀ ਲਗਨ ਅਤੇ ਹਰ ਸਮੇਂ, ਹਰ ਥਾਂ 'ਤੇ ਉਸ ਦੀ ਹੋਂਦ ਨੂੰ ਅਨੁਭਵ ਕਰਨਾ ਤੇ ਪ੍ਰਾਪਤ ਕਰਨਾ ਹੈ । ਭਗਤੀ ਭਾਵ ਨੂੰ ਇਸ ਤੀਖਣਤਾ ਨਾਲ ਕਮਾਇਆ ਜਾਵੇ ਕਿ ਮਨੁੱਖ ਪਰਮਾਤਮਾ ਵਿੱਚ ਲੀਨ ਹੋ ਜਾਵੇ । ਪਰਮਾਤਮਾ ਨਾਲ ਇਕਮਿਕਤਾ

ਪਰਾਪਤ ਕਰਨ ਤੇ ਸ਼ਾਂਤੀ ਤੇ ਆਨੰਦ ਮਿਲਦਾ ਹੈ । ਅਤੇ ਉਸ ਤੋਂ ਵਿਛੜਕੇ ਦੁਖ-ਤਕਲੀਫ਼ਾਂ ਤੇ ਕਲੇਸ਼ ਪੈਦਾ ਹੁੰਦਾ ਹੈ ।

ਗੁਰੂ ਸਾਹਿਬ ਨੇ ਹਿੰਦੂ ਜਨਤਾ ਨੂੰ ਮਿਥਿਹਾਸ ਤੇ ਜ਼ਾਤ ਪਾਤ ਦੇ ਸਿਕੰਜੇ ਵਿੱਚੋਂ ਕੱਢਣ ਦੀ ਕੋਸ਼ਿਸ਼ ਕੀਤੀ । 'ਜ਼ਾਤ-ਪਾਤ ਤੇ ਨਾਵਾਂ-ਥਾਵਾਂ ਦਾ ਅਡੰਬਰ ਸਭ ਝੂਠ ਹੈ, ਸਾਰੇ ਜੀਵਨ ਦਾ ਇਕ ਠਿਕਾਣਾ ਹੈ ਤੇ ਕੇਵਲ ਰੱਬ ਹੀ ਹੈ'' ਮੁਹਸਨ ਫ਼ਾਨੀ ਲਿਖਦਾ ਹੈ ਕਿ ਗੁਰੂ ਸਾਹਿਬ ਦੀ ਬਾਣੀ, ਭਾਵ ਸ਼ਬਦ, ਮਨੁੱਖ ਮਾਤ੍ਰ ਲਈ ਪੂਜਾ ਪਾਠ, ਤਾੜਨਾ ਤੇ ਤਸੱਲੀ ਦੇਣ ਦੀ ਸਮਰੱਥਾ ਰੱਖਦੇ ਹਨ । ਉਹਨਾਂ ਦੀ ਬਹੁਤੀ ਬਾਣੀ ਰੱਬੀ-ਵਡਿੱਤਣ ਤੇ ਉਸ ਦੀ ਪਵਿੱਤਰਤਾ ਪਰਥਾਏ ਗਾਈ ਗਈ ਹੈ ।'' ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸ਼ਬਦਾਵਲੀ ਪੰਜਾਬੀ ਜੱਟ ਜਾਂ ਪੈਂਡੂ ਜਾਂ ਜ਼ਿਮੀਂਦਾਰਾ ਤਬਕੇ ਨਾਲ ਸੰਬੰਧ ਰੱਖਦੀ ਹੈ । '' ਉਹਨਾਂ ਦੇ ਸਿੱਖਾਂ ਦੇ ਮਨਾਂ ਵਿੱਚ ਸੰਸਕ੍ਰਿਤ ਲਈ ਕੋਈ ਸਤਿਕਾਰ ਨਹੀਂ ।''

(2) ਗੁਰੂ ਕਾ ਸਥਾਨ : ਗੁਰੂ ਨਾਨਕ ਦੇਵ ਜੀ ਨੇ ਰੱਬ-ਪ੍ਰਾਪਤੀ ਲਈ ਗੁਰੂ ਦਾ ਹੋਣਾ ਜ਼ਰੂਰੀ ਦੱਸਿਆ ਹੈ । ਕੇਵਲ ਗੁਰੂ ਦੀ ਸਿੱਖਿਆ ਰਾਹੀਂ ਹੀ ਮਨੁੱਖ ਰੱਬ ਨਾਲ ਇਕ-ਮਿਕਤਾ ਪ੍ਰਾਪਤ ਕਰ ਸਕਦਾ ਸੀ । ਗੁਰੂ ਦੀ ਸਿੱਖਿਆ ਬਿਨਾਂ ਮਨੁੱਖ ਨੂੰ ਕਦੀ ਵੀ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ, ਭਾਵੇਂ ਉਹ ਹਜ਼ਾਰਾਂ ਜਪ-ਤਪ ਕਰ ਲਏ । ਗੁਰੂ ਤੋਂ ਬਿਨਾਂ ਸਭ ਪਾਸੇ ਹਨੇਰਾ ਹੀ ਹਨੇਰਾ ਹੋਵੇਗਾ । ਦੇਵੀ ਦੇਵਤਿਆਂ ਨੂੰ ਪੂਜਣ ਦੀ ਕੋਈ ਲੋੜ ਨਹੀਂ ਸੀ । ਗੁਰੂ ਸਾਹਿਬ ਜਪੁਜੀ ਵਿੱਚ ਕਹਿੰਦੇ ਹਨ :

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥
ਗੁਰਾ ਇਕ ਦੇਹਿ ਬੁਝਾਈ ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨਾ ਜਾਈ ॥

ਗੁਰੂ ਜੀ ਫਿਰ ਕਹਿੰਦੇ ਹਨ :

''ਗੁਰੂ ਦੀ ਸਿੱਖਿਆ ਦੁਆਰਾ ਹੀ ਉਸ ਦਾ ਗਿਆਨ ਪ੍ਰਾਪਤ ਹੁੰਦਾ ਹੈ ।

ਗੁਰੂ ਦੀ ਸਿੱਖਿਆ ਦੁਆਰਾ ਹੀ ਮਨੁੱਖ ਨੂੰ ਪਤਾ ਲੱਗਦਾ ਹੈ ਕਿ ਉਹ ਸਭ ਪਾਸੇ ਪਸਰਿਆ ਹੋਇਆ ਹੈ :

ਸੱਚੇ ਗੁਰੂ ਨੂੰ ਕਿਵੇਂ ਪ੍ਰਾਪਤ ਕੀਤਾ ਜਾਵੇ, ਗੁਰੂ ਜੀ ਇਸ ਸਮੱਸਿਆ ਦਾ

ਹਲ, ਇਵੇਂ ਫ਼ਰਮਾਉਂਦੇ ਹਨ :

ਸਤਿਗੁਰੁ ਭੇਟੇ ਸੋ ਸੁਖੁ ਪਾਏ ॥
ਹਰਿ ਕਾ ਨਾਮੁ ਮਨਿ ਵਸਾਏ ॥
ਨਾਨਕ ਨਦਰਿ ਕਰੇ ਸੋ ਪਾਏ ॥

ਗੁਰੂ ਨਾਨਕ ਦੇਵ ਜੀ ਆਪਣੇ ਸੇਵਕ ਕੋਲੋਂ, ਆਪਾ-ਤਿਆਗ ਮੰਗਦੇ ਹਨ ।

ਸੇਵਕ ਨੂੰ ਗੁਰੂ ਦੀ ਆਤਮਕ ਸ਼ਕਤੀ ਦੁਆਰਾ ਤੇ ਉਹਦੀ ਸਿੱਖਿਆ 'ਤੇ ਤੁਰ ਕੇ ਮੋਕਸ਼ ਮਿਲ ਸਕਦਾ ਹੈ । ਮਨੁੱਖ ਨੂੰ ਚੰਗਾ ਮੰਦਾ ਫਲ ਉਸ ਦੇ ਕਰਮਾਂ ਅਨੁਸਾਰ ਮਿਲਦਾ ਹੈ ।

ਗੁਰੂ ਜੀ ਕਹਿੰਦੇ ਹਨ :

ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥

ਉਂਝ ਇਹ ਗੱਲ ਜਰੂਰੀ ਹੈ, ਕਿ ਗੁਰੂ ਦੀ ਸਿੱਖਿਆ ਤੇ ਪੂਰਨ ਨਿਸਚੇ ਨਾਲ ਅਮਲ ਕੀਤਾ ਜਾਵੇ, ਪਰ ਇਹ ਗੱਲ ਧਿਆਨ ਗੋਚਰੇ ਰਹਿਣੀ ਚਾਹੀਦੀ ਹੈ ਕਿ **ਗੁਰੂ ਅਸਲ ਵਿੱਚ ''ਅਧਿਆਪਕ'' ਹੈ ਨਾ ਕਿ ''ਰੱਬੀ ਅਵਤਾਰ'', । ਉਸ ਦਾ ਹੁਕਮ ਤਾਂ ਮੰਨਿਆ ਜਾ ਸਕਦਾ ਹੈ, ਪਰ ਉਸ ਦੀ ਪੂਜਾ ਨਹੀਂ ਕੀਤੀ ਜਾ ਸਕਦੀ** । ਗੁਰੂ ਨਾਨਕ ਦੇਵ ਜੀ ਸੱਚੇ ਅਰਥਾਂ ਵਿੱਚ ਧਰਮੀ ਬੰਦੇ ਦੇ ਲੱਛਣ ਇਵੇਂ ਦੱਸਦੇ ਹਨ :

ਜਿਹੜਾ ਵਿਅਕਤੀ ਸਭ ਨੂੰ ਇੱਕ ਨਜ਼ਰ ਨਾਲ ਵੇਖਦਾ ਹੈ, ਉਹ ਗਿਆਨੀ ਹੈ, ਧਰਮ ਦਾ ਕਦਾਚਿਤ ਇਹ ਭਾਵ ਨਹੀਂ ਕਿ ਮੜ੍ਹੀਆਂ ਮਸਾਣਾਂ 'ਤੇ ਜਾ ਕੇ ਪੂਜਾ ਕੀਤੀ ਜਾਵੇ ਤੇ ਨਾ ਹੀ ਧਰਮ ਦਾ ਭਾਵ ਨਿਰੋਲ ਸਮਾਧੀਆਂ ਹੀ ਲਗਾਣ ਤੋਂ ਹੈ ;ਧਰਮ ਦਾ ਸੰਬੰਧ ਦੇਸ ਬਦੇਸ਼ ਵਿੱਚ ਫਿਰਨ ਨਾਲ ਵੀ ਨਹੀਂ ਹੈ,

ਧਰਮ ਇਹ ਵੀ ਨਹੀਂ ਸਿਖਾਉਂਦਾ ਕਿ ਤੀਰਥ ਅਸਥਾਨਾਂ 'ਤੇ ਜਾ ਕੇ ਇਸ਼ਨਾਨ ਹੀ ਕੀਤਾ ਜਾਵੇ,

ਸੰਸਾਰ ਸਾਗਰ ਵਿੱਚ ਰਹਿੰਦਿਆਂ ਪਵਿੱਤਰ ਤੇ ਨੇਕ ਜੀਵਨ ਜਿਉਣਾ ਹੀ ਧਰਮ ਦਾ ਸਹੀ ਮਾਰਗ ਹੈ ।

(3) ਗੁਰੂ ਨਾਨਕ ਦੇਵ ਜੀ ਦੇ ਕਰਮ ਸਿਧਾਂਤ ਤੇ ਆਵਾਗਵਣ ਬਾਰੇ ਵਿਚਾਰ :

ਗੁਰੂ ਨਾਨਕ ਦੇਵ ਜੀ ਦੇ ਕਰਮ ਸਿਧਾਂਤ ਤੇ ਆਵਾਗਵਣ ਬਾਰੇ

ਵਿਚਾਰ, ਪੁਰਾਣੇ ਹਿੰਦੂ-ਵਿਚਾਰਾਂ ਨਾਲੋਂ ਕਾਫ਼ੀ ਭਿੰਨ ਸਨ । ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਅਨੁਸਾਰ ਮਨੁੱਖ ਆਪਣੀ ਨੇਕ ਕਮਾਈ ਅਤੇ ਰੱਬੀ ਮਿਹਰ ਸਦਕਾ ਆਵਾ ਗਵਨ ਦੇ ਚੱਕਰ ਵਿੱਚੋਂ ਮੁਕਤੀ ਤੇ ਛੁਟਕਾਰਾ ਪਰਾਪਤ ਕਰ ਸਕਦਾ ਹੈ । ਰੱਬੀ ਮਿਹਰ ਦਾ ਭਾਗੀ ਬਣਨ ਲਈ ਜ਼ਰੂਰੀ ਹੈ ਕਿ **ਨਾਮ ਸਿਮਰਨ** ਜਾਂ ਪ੍ਰੇਮਭਾਵ ਤੇ ਲਗਨ ਰਾਹੀਂ ਉਸ ਪਰਮਾਤਮਾ ਨੂੰ ਮਨ ਵਿੱਚ ਵਸਾਇਆ ਜਾਵੇ । ਗੁਰੂ ਸਾਹਿਬ ਲਿਖਦੇ ਹਨ :

ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥
ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥

ਗੁਰੂ ਨਾਨਕ ਦੇਵ ਜੀ ਨੇ ਇਹ ਵੀ ਦੱਸਿਆ ਕਿ ਮਨੁੱਖ ਵਿੱਚ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜ ਵਿਸ਼ੇ ਵਸਦੇ ਹਨ । ਪਰਮਾਤਮਾ ਨੇ ਮਨੁੱਖ ਨੂੰ ਇਹਨਾਂ ਪੰਜਾਂ 'ਤੇ ਕਾਬੂ ਪਾਣ ਲਈ ਸਮਰਥਾ ਵੀ ਬਖ਼ਸ਼ੀ ਹੈ :

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾਂ ਗੁਰ ਕਾ ਸਬਦੁ ਕਮਾਹਿ ॥

ਜੀਵਨ ਦੀ ਉਤਪਤੀ ਦਾ ਸੋਮਾ ਕਿਉਂ ਜੋ ਨਿਰਮਲ ਰੱਬੀ ਜੋਤ ਹੈ ਇਸ ਲਈ ਇਸ ਦਾ ਸੁਭਾ ਵੀ ਨਿਰਮਲ ਹੀ ਹੈ ।

ਗੁਰੂ ਨਾਨਕ ਦੇਵ ਜੀ ਨੇ ਬਾਹਰਮੁਖੀ ਦਿਖਾਵਿਆਂ, ਜਿਵੇਂ ਤੀਰਥ, ਵਰਤ, ਇਸ਼ਨਾਨ ਤਪ ਆਦਿ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ । ਉਹਨਾਂ ਨੇ ਸਨਿਆਸ ਧਾਰਨ ਅਤੇ ਸੰਸਾਰ-ਤਿਆਗ ਦਾ ਵੀ ਖੰਡਨ ਕੀਤਾ । ਗੁਰੂ ਜੀ ਨੇ ਦੱਸਿਆ ਕਿ ਪਰਮਾਤਮਾ ਦੀਆਂ ਨਜ਼ਰਾਂ ਵਿੱਚ ਇੱਕ ਸੰਸਾਰਕ ਜੀਵ ਵੀ ਉਵੇਂ ਹੀ ਪ੍ਰਵਾਨ ਚੜ੍ਹ ਸਕਦਾ ਸੀ, ਜਿਵੇਂ ਕਿ ਇੱਕ ਸੰਨਿਆਸੀ ਅਤੇ ਸੰਸਾਰਕ ਕਾਰ-ਵਿਹਾਰ ਕਿਸੇ ਤਰ੍ਹਾਂ ਵੀ ਮੁਕਤੀ ਪ੍ਰਾਪਤੀ ਦੇ ਰਾਹ ਵਿੱਚ ਰੁਕਵਾਟ ਨਹੀਂ ਬਣਦਾ । ਉਹਨਾਂ ਨੇ ਨੇਕ ਬੰਦਿਆਂ ਦੀ ਸੰਗਤ, ਭਾਵ ਸਤਿਸੰਗ ਦਾ ਪਰਚਾਰ ਕੀਤਾ । ਉਹਨਾਂ ਦਾ ਨਿਮਰਤਾ ਤੇ ਹਲੀਮੀ ਵਿਚ ਡੂੰਘਾ ਵਿਸ਼ਵਾਸ ਸੀ ਅਤੇ ਇਸ ਦ੍ਰਿਸ਼ਟੀਕੋਣ ਤੋਂ ਹੀ, ਹਰ ਤਰ੍ਹਾਂ ਦੇ ਧਾਰਮਕ ਜਾਂ ਭੂਗੋਲਿਕ ਹਦ ਬੰਨੇ ਜਾਂ ਰੁਕਾਵਟਾਂ ਨੂੰ ਅਖੋਂ ਉਹਲੇ ਕਰ ਕੇ ਸਮੁਚੀ ਮਨੁੱਖਤਾ ਨੂੰ ਪ੍ਰੇਮਾ-ਭਾਵ ਨਾਲ ਵੇਖਦੇ ਸਨ ।

(4) ਗੁਰੂ ਨਾਨਕ ਦੇਵ ਜੀ ਦਾ ਭਗਤੀ-ਲਹਿਰ ਦੇ ਹੋਰਨਾਂ ਲੀਡਰਾਂ ਨਾਲ ਮਤਭੇਦ :

ਗੁਰੂ ਨਾਨਕ ਦੇਵ ਜੀ ਭਾਵੇਂ, ਭਗਤੀ ਲਹਿਰ ਦੇ ਇਕ ਭਗਤ ਸਨ, ਪਰ

ਉਹਨਾਂ ਦੀ ਸਿਖਿਆ, ਰਾਮਾ ਨੰਦ, ਕਬੀਰ ਅਤੇ ਚੈਤੰਨਯ ਮਹਾਂ ਪ੍ਰਭੂ ਨਾਲੋਂ ਕਾਫ਼ੀ ਭਿੰਨ ਸੀ । ਉਦਾਹਰਣ ਵਜੋਂ, ਚੈਤੰਨਯ ਮਹਾਂ ਪ੍ਰਭੂ ਦਾ ਇਹ ਮਤ ਸੀ ਕਿ ਸ੍ਰਿਸ਼ਟੀ ਦੇ ਮੂਲ ਤੱਤ੍ਵ ਨੂੰ ਅਨੁਭਵ ਅਤੇ ਸਵੀਕਾਰ ਕਰਨ ਨਾਲ ਅਖ਼ੀਰ, ਸਮਾਜ ਵਿੱਚ ਨਵੀਂ ਤਰਤੀਬ ਲਿਆਈ ਜਾ ਸਕਦੀ ਹੈ । ਦੂਜੇ ਪਾਸੇ ਗੁਰੂ ਨਾਨਕ ਸਾਹਿਬ ਨੇ ਮੂਲ ਰੂਪ, ਵਿੱਚ ਆਪਣਾ ਧਿਆਨ ਸਮਾਜ-ਸੁਧਾਰ ਤੇ ਨਾਮ-ਸਿਮਰਨ ਵਲ ਦਿੱਤਾ ਸੀ । ਦੂਜੇ ਸਿੱਖ ਗੁਰੂ ਸਾਹਿਬਾਨ ਨੇ ਧਿਆਨ ਸਮਾਜ-ਸੁਧਾਰ ਤੇ ਨਾਮ-ਸਿਮਰਨ ਵਲ ਦਿੱਤਾ ਸੀ । ਦੂਜੇ ਸਿੱਖ ਗੁਰੂ ਸਾਹਿਬਾਨ ਨੇ ਸੰਸਾਰ-ਤਿਆਗ ਦੀ ਮਨਾਹੀ ਕੀਤੀ ਹੈ, ਪਰ ਭਗਤੀ-ਮਤ ਦੇ ਪ੍ਰਚਾਰਕਾਂ ਨੇ ਲੋਕਾਂ ਨੂੰ ਇਸ ਪਾਸੇ ਵਲ ਪ੍ਰੇਰਿਆ ਹੈ । ਤੀਜੇ ਸਿੱਖ-ਧਰਮ ਜ਼ਾਤ-ਪਾਤ ਵਿੱਚ ਵਿਸ਼ਵਾਸ ਨਹੀਂ ਰੱਖਦਾ, ਇਸ ਕੋਲ ਆਪਣਾ ਕੋਈ ਮਿਥਿਹਾਸ ਤੇ ਪਰੰਪਰਾ ਨਹੀਂ ਸੀ ਅਤੇ ਹੋਰਨਾਂ ਮਤਾਂ ਵਾਂਗੂੰ ਇਹ ਧਾਰਮਿਕ ਝਮੇਲਿਆਂ ਤੋਂ ਵੀ ਬਰੀ ਸੀ । ਇਹ ਸਾਦਗੀ ਵਿੱਚ ਵਿਸ਼ਵਾਸ ਰੱਖਦਾ ਸੀ ਅਤੇ ਬਦਲਦੇ ਪ੍ਰਸੰਗ ਵਿੱਚ ਉਸ ਨਾਲ ਆਪਣੇ ਆਪ ਨੂੰ ਢਾਲਣ ਵਿੱਚ ਯਕੀਨ ਰੱਖਦਾ ਸੀ । ਚੌਥੇ, ਗੁਰੂ ਨਾਨਕ ਦੇਵ ਜੀ ਹੀ ਸਨ ਜਿਨ੍ਹਾਂ ਨੇ ਆਪਣੇ ਧਰਮ ਨੂੰ ਤੋਰੀ ਰੱਖਣ ਲਈ ਗੁਰੂ ਪ੍ਰੰਪਰਾ ਨੂੰ ਅਰੰਭ ਕੀਤਾ ਸੀ । ਪੰਜਵੇ ਇਹ ਕੰਮ ਵੀ ਕੇਵਲ ਉਹਨਾਂ ਦੇ ਹਿੱਸੇ ਆਇਆ ਸੀ ਕਿ ਉਹਨਾਂ ਨੇ ਹਿੰਦੂ ਧਰਮ ਦੇ ਪ੍ਰਚਾਰ ਲਈ ਵਰਤੀ ਜਾ ਰਹੀ ਸੰਸਕ੍ਰਿਤ ਭਾਸ਼ਾ ਨੂੰ ਤਿਲਾਂਜਲੀ ਦਿੱਤੀ । ਇਸ ਖੇ ਤਰ ਵਿੱਚ ਭਾਵੇਂ ਅਨੇਕਾਂ ਹੋਰ ਭਗਤੀ ਮਤ ਦੇ ਪ੍ਰਚਾਰਕ, ਆਪਣੀਆਂ ਸਥਾਨਕ ਭਾਸ਼ਾਵਾਂ ਵਿੱਚ ਪ੍ਰਚਾਰ ਕਰ ਰਹੇ ਸਨ, ਪਰ ਇਹ ਸਾਰੇ ਭਗਤ-ਜਨ ਸੰਸਕ੍ਰਿਤ ਭਾਸ਼ਾ ਨੂੰ ਜੜੋਂ ਪੁੱਟਣ ਵਿੱਚ ਅਸਫ਼ਲ ਰਹੇ ਸਨ । ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਕਤ ਕਾਰਨਾਂ ਕਰਕੇ ਸਿੱਖ ਧਰਮ, ਪੰਜਾਬ ਤੱਕ ਹੀ ਸੀਮਿਤ ਰਹਿ ਗਿਆ । ਗੁਰੂ ਸਾਹਿਬ ਦਾ ਰੱਬੀ ਸੰਕਲਪ ਭਗਤੀ-ਮਤ ਦੇ ਹੋਰਨਾਂ ਪ੍ਰਚਾਰਕਾਂ ਨਾਲੋਂ ਕਾਫ਼ੀ ਭਿੰਨ ਸੀ । ਸਿੱਖ ਧਰਮ ਵਿੱਚ ਜਿਸ ਪਰਮਾਤਮਾ ਨੂੰ ਮੰਨਿਆ ਗਿਆ ਹੈ ਉਹ ਨਿਰਾਕਾਰ ਅਤੇ ਕਾਲ ਮੁਕਤ ਹੈ । ਇਸ ਦੇ ਮੁਕਾਬਲੇ ਹੋਰਨਾ ਪ੍ਰਚਾਰਕਾਂ ਨੇ ਰਾਮ ਅਤੇ ਕ੍ਰਿਸ਼ਨ ਨੂੰ ਰੱਬੀ-ਅਵਤਾਰ ਦੇ ਰੂਪ ਵਿੱਚ ਸਵੀਕਾਰ ਕੀਤਾ ਸੀ ।

# ਸਿੱਖ ਧਰਮ ਦਾ ਵਿਸ਼ਵ-ਦ੍ਰਿਸ਼ਟੀਕੋਣ

-ਸ੍ਰ: ਅਮਨ ਸਿੰਘ 'ਕਤਲੌਰ'

ਸ੍ਰੀ ਗੁਰੂ ਗ੍ਰੰਥ ਸਾਹਿਬ ਸਿਰਫ਼ ਸਿੱਖਾਂ ਦਾ ਧਰਮ ਗ੍ਰੰਥ ਹੀ ਨਹੀਂ ਸਗੋਂ ਸਮੁੱਚੀ ਮਾਨਵਤਾ ਦਾ ਅਤੇ ਸਰਬੱਤ ਦੇ ਭਲੇ ਦਾ ਪੈਗ਼ਾਮ ਦੇਣ ਵਾਲਾ ਸਰਬ-ਸਾਂਝਾਂ ਗ੍ਰੰਥ ਹੈ । ਇਹ ਮਨੁੱਖੀ ਏਕਤਾ, ਰੱਬੀ ਏਕਤਾ ਤੇ ਰੂਹਾਨੀਅਤ ਦਾ ਉਹ ਸਾਗਰ ਹੈ ਜਿਸ ਨੂੰ ਜਾਣ/ਮਾਣ ਕੇ ਸਰਬ-ਸਾਂਝੀ ਮਨੁੱਖਤਾ ਦਾ ਕੋਈ ਵੀ ਜੀਵ ਪਰਮ-ਸੱਤਾ ਵਿੱਚ ਅਭੇਦ ਹੋ ਸਕਦਾ ਹੈ ।

ਸਿੱਖ ਧਰਮ ਭਾਈਚਾਰੇ, ਸਦਭਾਵਨਾ ਅਤੇ ਸਹਿਣਸ਼ੀਲਤਾ ਦਾ ਧਰਮ ਹੈ, ਜੋ ਸੰਸਾਰ ਦੇ ਵੱਡੇ ਧਰਮਾਂ ਵਿੱਚੋਂ ਸਭ ਤੋਂ ਨਵਾਂ ਤੇ ਆਧੁਨਿਕ ਧਰਮ ਹੈ । ਇਹ 15 ਵੀਂ ਸਦੀ ਦੇ ਦੂਜੇ ਅੱਧ ਵਿੱਚ ਪ੍ਰਗਟ ਹੋਇਆ । ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੈਵੀ ਫਿਲਾਸਫ਼ੀ 'ਤੇ ਆਧਾਰਿਤ ਸਿੱਖ ਧਰਮ ਨੌਂ ਗੁਰੂ ਸਾਹਿਬਾਨ ਦੇ ਉੱਤਰਾਧਿਕਾਰ ਰਾਹੀਂ ਹੋਰ ਵਿਗਸਿਆ ਅਤੇ 1699 ਈ: ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਾਬਿਆ ਵਿੱਚ ਆਪਣੀ ਉਚੱਤਮ ਸ਼ਾਨ ਤੱਕ ਪਹੁੰਚਿਆ । ਇਸ ਨੇ ਸਮਾਜ ਵਿੱਚ ਇਕ ਅਨੋਖੀ ਅਭੇਦਤਾ ਅਤੇ ਥਾਂ ਪ੍ਰਾਪਤ ਕਰ ਲਈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 1708 ਈ: ਵਿੱਚ ਜੋਤੀ-ਜੋਤਿ ਸਮਾਉਣ ਤੋਂ ਮਗਰੋਂ ਵਿਅਕਤੀਗਤ ਗੁਰਤਾ ਸਮਾਪਤ ਹੋ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਜਿਸ ਵਿੱਚ ਛੇ ਸਿੱਖ ਗੁਰੂ ਸਾਹਿਬਾਨ, ਅਨੇਕ ਹਿੰਦੂ ਪਿਛੋਕੜ ਰੱਖਣ ਵਾਲੇ ਭਗਤਾਂ ਅਤੇ ਮੁਸਲਿਮ ਪੀਰਾਂ ਦੀ ਬਾਣੀ ਦਰਜ਼ ਹੈ, ਗੁਰੂ ਸਥਾਪਤ ਹੋ ਗਏ । ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖਾਂ ਦੇ ਸਦੀਵੀ ਰੂਪ ਸ਼ਬਦ-ਗੁਰੂ ਹਨ ।

ਸਿੱਖ ਧਰਮ ਅਮਲੀ, ਅਨੰਦਮਈ, ਆਤਮਿਕ ਝੁਕਾਅ ਵਾਲਾ ਅਤੇ ਜੀਵਨ-ਪੱਖੀ ਦਰਸ਼ਨ ਦਾ ਧਰਮ ਹੈ । ਇਹ ਉਤਸ਼ਾਹੀ, ਸਨੇਹੀ, ਅਗਾਂਹਵਧੂ, ਪਿਆਰ, ਮੇਲ-ਸੁਮੇਲ, ਬਰਾਬਰੀ, ਸੇਵਾ ਵਾਲਾ ਅਤੇ ਵਿਸ਼ਵ-ਦ੍ਰਿਸ਼ਟੀਕੋਣ ਰੱਖਣ ਵਾਲਾ ਧਰਮ ਹੈ।

ਪਹਿਲੀ ਤੇ ਜ਼ਰੂਰੀ ਸਮਝਣ ਵਾਲੀ ਗੱਲ ਇਹ ਹੈ ਕਿ ਵਿਸ਼ਵ-ਦ੍ਰਿਸ਼ਟੀਕੋਣ ਤੋਂ ਇਸ ਬ੍ਰਹਿਮੰਡ ਨੂੰ ਪੈਦਾ ਕਰਨ ਵਾਲਾ ਇੱਕੋ ਪਰਮਾਤਮਾ ਹੈ, ਜਿਸ ਨੇ ਸਾਰੇ ਮਨੁੱਖਾਂ ਨੂੰ ਇੱਕੋ ਤਰੀਕੇ ਨਾਲ ਪੈਦਾ ਕੀਤਾ ਹੈ ਅਤੇ ਉਨ੍ਹਾਂ ਸਭਨਾਂ ਵਿੱਚ ਆਪ ਵੱਸ ਰਿਹਾ ਹੈ । ਇਸ ਲਈ ਸਾਰੇ ਮਨੁੱਖ ਆਪੋ ਵਿੱਚ ਭਰਾ-ਭਰਾ ਹਨ । ਗੁਰਬਾਣੀ ਦਾ ਫ਼ੁਰਮਾਨ ਹੈ :

ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥ (ਪੰਨਾ੬੧੧)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮੁੱਖ ਰੂਪ ਵਿੱਚ ਦਰਸ਼ਨ ਦੇ ਤਿੰਨ ਭਾਗ ਜਾਂ

ਪੱਖ ਹਨ । ਪਹਿਲਾ ਭਾਗ ਹੈ 'ਅਧਿਆਤਮਿਕਤਾ', ਜਿਸ ਦੇ ਅਨੁਸਾਰ ਸਾਰੇ ਜਗਤ ਦੇ ਜੀਵਾਂ ਅਤੇ ਬ੍ਰਹਿਮੰਡੀ ਪਸਾਰੇ ਦੇ ਪਿੱਛੇ ਇੱਕ ਅੰਤਿਮ ਸੱਤਾ ਹੈ । ਅੰਤਿਮ ਸੱਤਾ ਦੇਸ਼-ਕਾਲ ਤੋਂ ਪਰ੍ਹੇ ਦਾ ਇਕ ਅਜਿਹਾ ਨਾ-ਬਦਲਣਯੋਗ ਤੱਤ ਹੈ, ਜਿਸ ਦੀ ਖੋਜ ਕਰਨਾ ਮਨੁੱਖ ਦਾ ਸਦੀਵੀ ਆਦਰਸ਼ ਰਿਹਾ ਹੈ । ਸਮੁੱਚੀ ਅਧਿਆਤਮਿਕਤਾ, ਦਰਸ਼ਨ, ਗਿਆਨ-ਵਿਗਿਆਨ ਉਸ ਦੀ ਖੋਜ ਵਿੱਚ ਲੱਗਾ ਹੋਇਆ ਹੈ । ਸਿੱਖ ਦਰਸ਼ਨ ਅਦ੍ਵੈਤਵਾਦੀ ਦਰਸ਼ਨ ਹੈ । ਉਹ ਪਰਮਾਤਮਾ ਖੰਡਾਂ-ਬ੍ਰਹਿਮੰਡਾਂ ਦਾ ਮਾਲਕ ਹੈ:

ਤਿਥੈ ਖੰਡ ਮੰਡਲ ਵਰਭੰਡ ॥ ਜੇ ਕੋ ਕਥੈ ਤ ਅੰਤ ਨ ਅੰਤ ॥ (ਪੰਨਾ ੮)

ਗੁਰਬਾਣੀ ਵਿੱਚ ਅਨੇਕ ਥਾਈਂ ਸਪੱਸ਼ਟ ਫ਼ੁਰਮਾਇਆ ਹੈ ਕਿ 'ਬ੍ਰਹਮ' ਬਾਰੇ ਮਨੁੱਖੀ ਗਿਆਨ ਬੜਾ ਅਲਪ ਹੈ ਅਤੇ ਉਸ ਬਾਰੇ ਕੁਝ ਵੀ ਨਹੀਂ ਕਿਹਾ ਜਾ ਸਕਦਾ ।

ਉਹ ਸਦਾ ਅਨੰਤ, ਅਸੀਮ, ਬੇਅੰਤ, ਅਗੰਮ, ਅਗੋਚਰ, ਅਗਾਧ, ਅਬਿਨਾਸੀ, ਅਮੁੱਲ ਅਤੇ ਸਰਬ-ਵਿਆਪਕ ਹੈ । ਉਹ ਇੱਕ ਵਿਸ਼ਾਲ ਸਮੁੰਦਰ ਦੀ ਨਿਆਈਂ ਹੈ ਤੇ ਜੀਵ ਇੱਕ ਬੂੰਦ ਮਾਤਰ ਹੈ, ਜੋ ਉਸ ਦਾ ਕਦੇ ਵੀ ਅੰਤ ਨਹੀਂ ਪਾ ਸਕਦਾ:

ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥ (ਪੰਨਾ ੨੫)

ਬਾਣੀਕਾਰ ਨੇ 'ਸਚੁ' ਨੂੰ 'ਬ੍ਰਹਮ' ਅਤੇ 'ਬ੍ਰਹਮ' ਨੂੰ 'ਸਚੁ' ਮੰਨਿਆ ਹੈ:

ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਪੰਨਾ ੧)

'ਸਚੁ' ਸਦਾ ਇਕਰਸ ਅਤੇ ਇਕਸਾਰ ਰਹਿੰਦਾ ਹੈ । ਉਹ ਜਾਤ, ਵਰਨ, ਦੇਸ਼, ਕਾਲ, ਸੂਖਮ, ਸਥੂਲ, ਹਰ ਸਰੂਪ ਵਿੱਚ ਸਮਾਨ ਤੇ ਸਰਬ-ਵਿਆਪਕ ਹੈ । ਇਸ 'ਸਚੁ' ਨੇ ਆਪ ਹੀ ਪਸਾਰੇ ਦਾ ਰੂਪ ਧਾਰਨ ਕਰ ਲਿਆ । ਉਹ 'ਉਦਕਰਖ' ਰੂਪ ਵਿੱਚ ਸਰਗੁਣ ਹੋ ਸਕਦਾ ਹੈ ਤੇ ਪਸਾਰੇ ਨੂੰ ਸੰਕੁਚਿਤ ਕਰ ਕੇ 'ਆਕਰਖ' ਰੂਪ ਧਾਰਨ ਕਰ ਸਕਦਾ ਹੈ:

ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥
ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥
(ਚੌਪਈ ਸਾਹਿਬ, ਪਾ:੧੦)

ਦਰਸ਼ਨ ਦਾ ਦੂਜਾ ਪੱਖ ਇਹ ਹੈ ਕਿ ਜੀਵ ਪਸਾਰੇ ਦੀ ਕੈਦ ਵਿੱਚੋਂ ਕਿਵੇਂ ਨਿਕਲ ਸਕਦਾ ਹੈ ਅਤੇ ਸਰਬਵਿਆਪੀ ਅਸੀਮ ਪਰਮ-ਸੱਤਾ ਨਾਲ ਕਿਵੇਂ ਮਿਲਾਪ ਕਰ ਸਕਦਾ ਹੈ ? ਇਹ ਪੱਖ ਜੀਵ-ਆਤਮਾ ਨੂੰ ਮੁਕਤੀ ਪ੍ਰਾਪਤੀ ਦੇ ਸਾਧਨ ਜਿਵੇਂ ਨਾਮ-ਸਿਮਰਨ, ਗੁਰੂ ਦੇ ਮਹੱਤਵ ਅਤੇ ਮਨ ਦੇ ਸੰਜਮ ਆਦਿ ਦਾ ਗਿਆਨ ਦਿੰਦਾ ਹੈ

ਅਧਿਆਤਮਵਾਦੀ ਦਾ ਸਭ ਤੋਂ ਵੱਡਾ ਗੁਣ ਸਮਦਰਸ਼ਤਾ ਹੁੰਦਾ ਹੈ ।

ਗੁਰੂ ਸਾਹਿਬ ਨੇ ਸਾਰੇ ਮਤਭੇਦ ਖ਼ਤਮ ਕਰ ਕੇ ''ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ'' ਦਾ ਉਪਦੇਸ਼ ਦਿੱਤਾ । ਵਿਸ਼ਵਵਾਦੀ ਬਣਨ ਲਈ ਪਹਿਲਾਂ ਮਾਨਵਵਾਦੀ ਬਣਨਾ ਜ਼ਰੂਰੀ ਹੈ । ਇਸ ਲਈ ਮਾਨਵਵਾਦੀ ਰੁਚੀ ਕਾਰਨ ਹੀ ਮਨੁੱਖ ਉੱਚੀ ਅਧਿਆਤਮਿਕ ਅਵਸਥਾ ਪ੍ਰਾਪਤ ਕਰ ਕੇ ਵਿਸ਼ਵਵਾਦੀ ਬਣ ਸਕਦਾ ਹੈ ।

ਤੀਜਾ ਪੱਖ 'ਸਦਾਚਾਰ' ਦਾ ਪੱਖ ਹੈ ਜੋ ਸਮਾਜਿਕ ਜੀਵਨ ਦਾ ਅੰਗ ਹੈ । ਇਹ ਦੱਸਦਾ ਹੈ ਕਿ ਮਾਨਵੀ ਧਰਮ ਦੇ ਧਾਰਨੀ ਮਨੁੱਖ ਨੂੰ ਹੋਰ ਮਨੁੱਖਾਂ, ਜੀਵਾਂ ਤੇ ਕੁਦਰਤ ਸੰਬੰਧੀ ਕਿਹੋ ਜਿਹਾ ਰਵੱਈਆ ਅਖ਼ਤਿਆਰ ਕਰਨਾ ਚਾਹੀਦਾ ਹੈ । ਇਸ ਪਰਥਾਇ ਗੁਰੂ ਸਾਹਿਬ ਦਾ ਫ਼ੁਰਮਾਨ ਹੈ :

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ (ਪੰਨਾ੭੪੭)

ਇਸ ਉਪਦੇਸ਼ ਅਨੁਸਾਰ ਬਾਣੀ ਬਿਨਾਂ ਕਿਸੇ ਲਿੰਗ, ਜਾਤ, ਨਸਲ, ਇਲਾਕਾਈ, ਭੇਦ-ਭਾਵ ਦੇ ਚਾਰੇ ਵਰਨਾਂ ਨੂੰ ਹੀ ਉਪਦੇਸ਼ ਦਿੰਦੀ ਹੈ ।

ਸਿੱਖ ਧਰਮ ਸਿਰਫ਼ ਪ੍ਰਲੋਕ ਦੀ ਅਗਵਾਈ ਲਈ ਹੀ ਨਹੀਂ, ਬਲਕਿ ਇਸ ਲੋਕ ਨੂੰ ਸੰਵਾਰਨ, ਸੁਧਾਰਨ ਅਤੇ ਸਮਾਜਿਕ ਤੌਰ 'ਤੇ ਜੀਵਨ ਨੂੰ ਉਚੇਰਾ ਕਰਨ ਲਈ ਵੀ ਉਤਨਾ ਹੀ ਯਤਨਸ਼ੀਲ ਹੈ ।

ਜੋ ਸੰਦੇਸ਼ ਗੁਰੂ ਸਾਹਿਬਾਨ ਨੇ ਲੋਕਾਂ ਨੂੰ ਤਾਰਨ ਲਈ ਦਿੱਤਾ, ਉਹ ਮਾਨਵ ਧਰਮ ਦਾ ਹੈ, ਜਿਸ ਦਾ ਆਧਾਰ ਮਾਨਵ-ਪ੍ਰੇਮ ਤੇ ਸਹਿਹੋਂਦ ਹੈ । ਗੁਰੂ ਸਾਹਿਬਾਨ ਦੇ ਪਿਆਰ ਦੇ ਪੈਗ਼ਾਮ ਨੇ ਸੰਸਾਰ ਵਿੱਚ ਸਹਿਣਸ਼ੀਲਤਾ ਤੇ ਸ਼ਾਂਤੀ ਦਾ ਵਾਤਾਵਰਨ ਪੈਦਾ ਕੀਤਾ । ਗੁਰੂ ਸਾਹਿਬਾਨ ਆਪਣੇ ਸਮੇਂ ਦੀ ਬੇਚੈਨੀ, ਬਦਅਮਨੀ, ਭ੍ਰਿਸ਼ਟਾਚਾਰ, ਜ਼ੁਲਮ ਤੇ ਤਣਾਓ ਦੇ ਮਾਹੌਲ ਤੋਂ ਚੰਗੀ ਤਰ੍ਹਾਂ ਜਾਣੂ ਸਨ ਅਤੇ ਉਨ੍ਹਾਂ ਨੂੰ ਦੁੱਖੀ ਮਾਨਵਤਾ ਦੇ ਕਲਿਆਣ ਦੀ ਡੂੰਘੀ ਚਿੰਤਾ ਸੀ । ਉਨ੍ਹਾਂ ਦੇ ਇਸ ਚਿੰਤਨ ਵਿੱਚੋਂ ਮਾਨਵ-ਧਰਮ ਦੇ ਸੰਕਲਪ ਦਾ ਨਿਕਾਸ ਹੋਇਆ । ਉਨ੍ਹਾਂ ਨੇ ਦਵੈਸ਼-ਭਾਵ ਖ਼ਤਮ ਕਰ ਕੇ ਭਰਾਤਰੀ-ਭਾਵ ਦਾ ਸੰਦੇਸ਼ ਦਿੱਤਾ । ਫ਼ੁਰਮਾਨ ਹੈ:

ਬਿਸਰਿ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ (ਪੰਨਾ ੧੨੯੯)

ਗੁਰੂ ਸਾਹਿਬਾਨ ਤੋਂ ਪਹਿਲਾਂ ਹਿੰਦੂ ਸਮਾਜ, ਵੈਦਿਕ ਧਰਮ ਦੀਆਂ ਲੀਹਾਂ 'ਤੇ ਚੱਲ ਰਿਹਾ ਸੀ, ਜਿਸ ਵਿੱਚ ਮਨੁੱਖੀ ਆਚਰਨ ਦੇ ਨਿਯਮ, ਜਾਤ-ਪਾਤ ਅਤੇ ਵਰਨ-

ਵਿਵਸਥਾ ਦੀਆਂ ਸੀਮਾਵਾਂ ਦੇ ਮੁਥਾਜ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਮਾਨਵ-ਹਿਤਕਾਰੀ ਰਹੱਸਵਾਦ ਨੂੰ ਬਾਣੀ ਰਾਹੀਂ ਪ੍ਰਗਟ ਕਰ ਕੇ ਲੋਕਾਂ ਨੂੰ ਦੁੱਖਾਂ ਦੇ ਘੇਰੇ 'ਚੋਂ ਕੱਢਿਆ :

ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ॥ (ਪੰਨਾ ੯੨੨)

"ਵਿਸ਼ਵਵਾਦ ਦਾ ਅਸਲੀ ਤੇ ਨਵੀਨਤਮ ਭਾਵ ਇਹ ਹੈ ਕਿ ਅਸੀਂ ਆਪਣੇ ਦਿਮਾਗ ਵਿੱਚੋਂ ਇਹ ਕੱਢ ਦਈਏ ਕਿ ਕਿਸੇ ਕੌਮ ਜਾਂ ਜਾਤੀ ਨੂੰ ਇਹ ਖ਼ਾਸ ਰਿਆਇਤ ਪ੍ਰਾਪਤ ਹੈ ਕਿ ਉਸ ਨੂੰ ਬਾਕੀਆਂ ਦੇ ਮੁਕਾਬਲੇ 'ਤੇ ਰੱਬ ਵੱਲੋਂ ਬਹੁਤੀਆਂ ਰਹਿਮਤਾਂ ਮਿਲਣਗੀਆਂ, ਵਿਸ਼ਵਵਾਦ ਦਾ ਭਾਵ ਹੈ ਕਿ ਰੱਬ ਸਾਰਿਆਂ ਨਾਲ ਇੱਕੋ ਜਿਹਾ ਵਰਤਦਾ ਹੈ।" ਵਰਨ-ਵੰਡ ਦੇ ਪ੍ਰਭਾਵ ਵਿੱਚ ਭਾਰਤ ਦੇਂ ਅਖੌਤੀ ਉਚ-ਸ਼੍ਰੇਣੀ ਨਾਲ ਸੰਬੰਧਿਤ ਲੋਕ ਅਖੌਤੀ ਨੀਚ-ਸ਼੍ਰੇਣੀਆਂ ਦੇ ਲੋਕਾਂ ਨਾਲ ਜੋ ਅਮਾਨਵੀ ਵਿਵਹਾਰ ਕਰਦੇ ਸਨ, ਉਹ ਸਭਿਅ ਮਨੁੱਖ ਦੇ ਇਤਿਹਾਸ ਦਾ ਇਕ ਕਾਲਖ-ਯੁਕਤ ਅਧਿਆਇ ਹੈ। ਸ੍ਰੀ ਗੁਰੂ ਨਾਨਕ ਦੇਵ ਜੀ, ਜੋ ਮਨੁੱਖ ਦੀ ਉੱਤਮਤਾਈ ਨੂੰ ਉਸ ਦੇ ਚੰਗੇ ਕਰਮਾਂ 'ਤੇ ਆਧਾਰਿਤ ਕਰ ਕੇ ਪਰਖਦੇ ਹਨ, ਇਸ ਨਾ-ਬਰਾਬਰੀ, ਬੇਇਨਸਾਫ਼ੀ ਅਤੇ ਭੇਦ-ਭਾਵ ਪੂਰਨ ਅਮਾਨਵੀ ਵਿਵਸਥਾ ਦੇ ਵੱਡੇ ਆਲੋਚਕ ਹਨ :

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥ (ਪੰਨਾ ੧੫)

ਡਾ. ਜਸਵੰਤ ਸਿੰਘ ਨੇਕੀ ਅਨੁਸਾਰ : ਸਿੱਖ ਧਰਮ ਰਾਹੀਂ ਪ੍ਰਗਟਾਇਆ ਵਿਸ਼ਵਵਾਦੀ ਦ੍ਰਿਸ਼ਟੀਕੋਣ ਦਾ ਅੰਦਾਜ਼ਾ ਇਸੇ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਿੱਖ ਹਰ ਥਾਂ, ਹਰ ਸਮੇਂ, ਹਰ ਰੋਜ਼ ਪ੍ਰਭੂ ਅੱਗੇ ਕੀਤੀ ਅਰਦਾਸ ਦੀ ਸਮਾਪਤੀ ਇਨ੍ਹਾਂ ਸ਼ਬਦਾਂ ਨਾਲ ਕਰਦਾ ਹੈ :

ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।

ਇਸ ਤਰ੍ਹਾਂ ਸਿੱਖ ਧਰਮ ਸਰਬ-ਸਾਂਝਾ, ਸਰਬ-ਦੇਸੀ ਤੇ ਸਰਬ-ਕਾਲੀ ਧਰਮ ਹੈ।

# ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ

-ਡਾ. ਜਗਜੀਤ ਸਿੰਘ

ਨਿਰਸੰਦੇਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਇੱਕ ਵੱਡਾ ਅਦੁੱਤੀ ਸਾਕਾ ਹੈ । ਐਸੀ ਘਟਨਾ ਦੀ ਉਦਾਹਰਣ ਮਨੁੱਖਤਾ ਦੇ ਇਤਿਹਾਸ ਵਿੱਚ ਜਾਂ ਧਰਮ ਦੀ ਆਜ਼ਾਦੀ ਦੇ ਸਮੁੱਚੇ ਇਤਿਹਾਸ ਵਿੱਚ ਮਿਲਣੀ ਕਠਨ ਹੈ ਜਦੋਂ ਕਿਸੇ ਦੂਜੇ ਧਰਮ ਦੇ ਪੈਰੋਕਾਰਾਂ ਉੱਪਰ ਬਣੇ ਧਰਮ-ਸੰਕਟ ਨੂੰ ਠੱਲ੍ਹ ਪਾਉਣ ਲਈ ਕਿਸੇ ਮਹਾਨ ਸ਼ਖ਼ਸੀਅਤ ਨੇ ਆਪਣਾ ਬਲੀਦਾਨ ਦਿੱਤਾ ਹੋਵੇ । ਇਸੇ ਲਈ ਆਪ ਜੀ ਨੂੰ 'ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ' ਕਹਿ ਕੇ ਯਾਦ ਕੀਤਾ ਜਾਂਦਾ ਹੈ ।

ਆਪ ਜੀ ਦਾ ਜਨਮ ਪਹਿਲੀ ਅਪ੍ਰੈਲ ਸੰਨ 1621 ਈ:, 5 ਵੈਸਾਖ, ਸੰਮਤ ਨਾਨਕਸ਼ਾਹੀ 153 (ਵੈਸਾਖ ਵਦੀ 5, 1678) ਬਿਕਰਮੀ) ਨੂੰ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ ਵਿਖੇ ਹੋਇਆ । ਆਪ ਪੰਜਾਂ ਭਰਾਵਾਂ ਵਿੱਚੋਂ ਸਭ ਤੋਂ ਛੋਟੇ ਸਨ । ਆਪ ਜੀ ਦਾ ਬਚਪਨ ਅੰਮ੍ਰਿਤਸਰ ਵਿਖੇ ਬੀਤਿਆ ਜਿੱਥੇ ਭਾਈ ਗੁਰਦਾਸ ਜੀ ਦੀ ਨਿਗਰਾਨੀ ਵਿੱਚ ਆਪ ਜੀ ਨੇ ਹਰ ਤਰ੍ਹਾਂ ਦੀ ਵਿੱਦਿਆ ਅਤੇ ਗੁਰਬਾਣੀ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਬਾਬਾ ਬੁੱਢਾ ਜੀ ਨੇ ਆਪ ਨੂੰ ਘੋੜ-ਸਵਾਰੀ, ਨੇਜੇਬਾਜ਼ੀ ਅਤੇ ਸੂਰਮਗਤੀ ਦੇ ਕਈ ਕਰਤੱਵ ਸਿਖਾਏ । ਆਪ ਜੀ ਦੀ ਰਾਗ ਵਿੱਦਿਆ ਵਿੱਚ ਵਿਸ਼ੇਸ਼ ਰੁਚੀ ਸੀ ਅਤੇ ਆਪ ਕਾਫ਼ੀ ਸਮਾਂ ਪ੍ਰਭੂ-ਪਿਆਰ ਅਤੇ ਵੈਰਾਗ ਦੇ ਸ਼ਬਦ ਗਾਇਨ ਕਰਦੇ ਰਹਿੰਦੇ । ਆਪ ਜੀ ਦੀ ਸ਼ਾਦੀ ਬੀਬੀ ਗੁਜਰੀ ਜੀ ਨਾਲ ਹੋਈ ਜੋ ਲਖਨੌਰ ਦੇ ਰਹਿਣ ਵਾਲੇ ਸ੍ਰੀ ਲਾਲ ਚੰਦ ਅਤੇ ਮਾਤਾ ਬਿਸ਼ਨ ਕੌਰ ਦੀ ਸਪੁੱਤਰੀ ਸਨ ।

ਸ਼ਾਹ ਜਹਾਨ ਦਿੱਲੀ ਦੇ ਤਖ਼ਤ 'ਤੇ ਬੈਠਿਆ । ਜਹਾਂਗੀਰ ਦੇ ਸਮੇਂ ਤੋਂ ਹੀ ਦਿੱਲੀ ਦਰਬਾਰ ਦਾ ਰੁਖ਼ ਗੁਰੂ-ਘਰ ਵੱਲ ਸੁਖਾਵਾਂ ਨਹੀਂ ਸੀ । ਨਤੀਜੇ ਵਜੋਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਮੁਗ਼ਲਾਂ ਨਾਲ ਕਈ ਯੁੱਧ ਹੋਏ ਅਤੇ ਵਿਸ਼ੇਸ਼ ਤੌਰ 'ਤੇ ਕਰਤਾਰਪੁਰ ਦੇ ਯੁੱਧ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਬਹਾਦਰੀ ਦੇ ਜ਼ੌਹਰ ਵਿਖਾਏ । ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ 1644 ਈ. ਵਿੱਚ ਜੋਤੀ-ਜੋਤਿ ਸਮਾਉਣ ਉਪਰੰਤ ਆਪ ਜੀ ਮਾਤਾ ਨਾਨਕੀ ਜੀ ਅਤੇ ਆਪਣੇ ਮਹਿਲ ਗੁਜਰੀ ਜੀ ਬਣੇ ਬਕਾਲੇ ਆ ਗਏ । ਇਥੇ ਇਕਾਂਤ ਵਿੱਚ ਰਹਿ ਕੇ ਆਪ ਜੀ ਵਧੇਰੇ ਸਮਾਂ ਭਗਤੀ ਵਿੱਚ ਲੀਨ ਰਹਿੰਦੇ ਪਰ ਗੁਰੂ-ਘਰ ਵਿੱਚ ਹੋ ਰਹੇ ਕਾਰਜਾਂ ਨਾਲ ਆਪ ਜੀ ਜੁੜੇ ਰਹੇ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਪਿੱਛੋਂ ਸੱਤਵੇਂ ਪਾਤਸ਼ਾਹ ਜੀ ਅਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਤੋਂ ਬਾਅਦ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਗੱਦੀ 'ਤੇ ਬਿਰਾਜਮਾਨ ਹੋਏ ।

ਜਲਦੀ ਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ 'ਬਾਬਾ ਬਕਾਲੇ' ਦਾ ਐਲਾਨ ਕਰ ਕੇ ਜੋਤਿ-ਜੋਤਿ ਸਮਾ ਗਏ । ਇਥੇ ਆਪ ਜੀ ਨੂੰ ਮੱਖਣ ਸ਼ਾਹ ਲੁਬਾਣੇ ਨੇ ' ਗੁਰੂ ਲਾਧੋ ਰੇ, ਗੁਰੂ ਲਾਧੋ ਰੇ' ਪੁਕਾਰ ਕੇ ਪ੍ਰਗਟ ਕੀਤਾ । ਧੀਰਮੱਲ ਅਤੇ ਸ਼ੀਹਾਂ ਮਸੰਦ ਦੇ ਵਿਰੋਧਾਂ ਨੂੰ ਆਪ ਜੀ ਨੇ ਸਹਿਨਸ਼ੀਲਤਾ ਨਾਲ ਨਜਿੱਠਿਆ । 20 ਮਾਰਚ, 1665 ਨੂੰ ਆਪ ਜੀ ਨੂੰ ਰਸਮੀ ਤੌਰ

'ਤੇ ਗੁਰਗੱਦੀ ਸੌਂਪੀ ਗਈ ਅਤੇ ਆਪ ਨੇ ਸਿੱਖ ਪੰਥ ਦੀ ਵਾਗਡੋਰ ਸੰਭਾਲੀ ਅਤੇ ਇਸ ਨੂੰ ਸਹੀ ਸੇਧ ਦੇਣ ਦੇ ਉਪਰਾਲੇ ਸ਼ੁਰੂ ਕਰ ਦਿੱਤੇ । ਗੁਰੂ ਜੀ ਨੇ ਮਸੰਦਾਂ ਰਾਹੀਂ ਅਤੇ ਹੁਕਮਨਾਮੇ ਜਾਰੀ ਕਰਕੇ ਦੂਰ-ਦੁਰਾਡੇ ਬੈਠੀਆਂ ਸਿੱਖ ਸੰਗਤਾਂ ਨਾਲ ਸੰਪਰਕ ਕਾਇਮ ਕੀਤਾ । ਆਪ ਤਿੰਨ ਵਾਰੀ ਖ਼ੁਦ ਕੀਰਤਪੁਰ ਗਏ ਅਤੇ ਪੰਜਾਬ ਦੇ ਮਾਝਾ, ਮਾਲਵਾ ਅਤੇ ਬਾਂਗਰ ਇਲਾਕਿਆਂ ਦਾ ਦੌਰਾ ਕਰ ਕੇ ਸਿੱਖ ਸੰਗਤਾਂ ਨੂੰ ਉਤਸ਼ਾਹ ਬਖਸ਼ਿਆ । ਮਈ 1665 ਵਿੱਚ ਆਪ ਬਿਲਾਸਪੁਰ ਗਏ । ਇਥੋਂ ਦੇ ਰਾਜਾ ਦੀਪ ਚੰਦ ਅਤੇ ਮਹਾਰਾਣੀ ਚੰਪਾ ਤੋਂ ਆਪ ਨੇ ਮਾਖੋਵਾਲ ਦੀ ਧਰਤੀ ਖ਼ਰੀਦੀ ਅਤੇ ਇਥੇ ਨਵੀਂ ਵਸੋਂ ਆਬਾਦ ਕੀਤੀ ਜਿਸ ਦਾ ਨਾਮ 'ਚੱਕ ਨਾਨਕੀ' ਰੱਖਿਆ । ਬਾਅਦ ਵਿੱਚ ਇਹ ਅਸਥਾਨ ਆਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ । ਗੁਰੂ ਕੀਆਂ ਸੰਗਤਾਂ ਨਾਲ ਨਿੱਜੀ ਸੰਪਰਕ ਕਰਨ ਲਈ ਆਪ ਨੇ ਇੱਕ ਲੰਮੀ ਯਾਤਰਾ ਕੀਤੀ । ਰੋਪੜ, ਬਨੂੜ, ਰਾਜਪੁਰਾ, ਬਹਾਦਰਗੜ੍ਹ, ਧਮਧਾਨ ਤੋਂ ਹੁੰਦੇ ਹੋਏ ਆਪ ਦਿੱਲੀ ਪੁੱਜੇ । ਇਥੋਂ ਮਥਰਾ, ਆਗਰਾ, ਈਟਾਹ, ਕਾਨ੍ਹਪੁਰ, ਫਤਿਹਪੁਰ, ਅਲਾਹਾਬਾਦ, ਮਿਰਜ਼ਾਪੁਰ ਅਤੇ ਬਨਾਰਸ ਦੀਆਂ ਸੰਗਤਾਂ ਨੂੰ ਦਰਸ਼ਨ ਦਿੱਤੇ । ਸਸਰਾਮ ਅਤੇ ਬੋਧ ਗਇਆ ਤੋਂ ਪਟਨੇ ਪੁੱਜੇ ਜਿੱਥੇ ਪਰਿਵਾਰ ਛੱਡ ਕੇ ਮੁੰਘੇਰ ਰਾਹੀਂ ਆਪ ਢਾਕਾ ਪੁੱਜੇ । ਇਥੇ ਆਪ ਜੀ ਨੂੰ ਖ਼ਬਰ ਮਿਲੀ ਕਿ ਪਟਨੇ ਵਿਖੇ 1666 ਈ. ਨੂੰ ਬਾਲ ਗੋਬਿੰਦ ਰਾਇ ਜੀ ਨੇ ਅਵਤਾਰ ਧਾਰਿਆ ਹੈ ।

ਢਾਕਾ ਵਿਖੇ ਆਪ ਜੀ ਦੇ ਦਰਸ਼ਨ ਕਰਨ ਆਂਬੇਰ ਦਾ ਰਾਜਾ ਰਾਮ ਸਿੰਘ ਆਇਆ ਜਿਸ ਨੂੰ ਔਰੰਗਜ਼ੇਬ ਨੇ ਆਸਾਮ ਦੇ ਔਹਮਾਂ ਨੂੰ ਕਾਬੂ ਕਰਨ ਲਈ ਭੇਜਿਆ ਸੀ । ਗੁਰੂ ਜੀ ਰਾਜਾ ਰਾਮ ਸਿੰਘ ਦੇ ਨਾਲ ਹੀ ਬ੍ਰਹਮਪੁੱਤਰ ਦਰਿਆ ਲੰਘ ਕੇ ਧੂਬੜੀ ਦੇ ਅਸਥਾਨ 'ਤੇ ਪੁੱਜੇ । ਇਥੇ ਆਪ ਜੀ ਨੇ ਰਾਜਾ ਰਾਮ ਸਿੰਘ ਅਤੇ ਔਹਮ ਰਾਜੇ ਚੱਕਰਧਵੱਜ ਵਿੱਚ ਸੁਲਾਹ ਕਰਵਾਈ ਜਿਸ ਦੀ ਯਾਦ ਵਿੱਚ ਸੁੰਦਰ ਗੁਰਦੁਆਰਾ ਬਣਿਆ ਹੋਇਆ ਹੈ । ਇਥੋਂ ਆਪ ਜੀ ਵਾਪਸ ਪਰਵਾਰ ਪਾਸ ਪਟਨਾ ਸਾਹਿਬ ਪੁੱਜੇ । ਪਰਿਵਾਰ ਨੂੰ ਆਨੰਦਪੁਰ ਸਾਹਿਬ ਜਾਣ ਦਾ ਆਦੇਸ਼ ਦੇ ਕੇ ਆਪ ਦਿੱਲੀ ਦੀਆਂ ਸੰਗਤਾਂ ਨੂੰ ਮਿਲੇ, ਫਿਰ ਆਪ ਮਾਲਵਾ ਹੁੰਦੇ ਹੋਏ ਵਾਪਸ ਆਨੰਦਪੁਰ ਸਾਹਿਬ ਪੁੱਜ ਗਏ । ਇਸ ਤਰ੍ਹਾਂ ਲੰਮੀਆਂ ਯਾਤਰਾਵਾਂ ਰਾਹੀਂ ਦੂਰ-ਦੁਰਾਡੇ ਦੀਆਂ ਸੰਗਤਾਂ ਨਾਲ ਮੇਲ-ਮਿਲਾਪ ਕਾਰਨ ਆਪ ਜੀ ਹਿੰਦੁਸਤਾਨ ਦੇ ਕਈ ਪ੍ਰਦੇਸ਼ਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਧਾਰਮਿਕ ਰਹਿਨੁਮਾ ਵਜੋਂ ਉਜਾਗਰ ਹੋ ਗਏ ਆਮ ਲੋਕ ਮੁਗ਼ਲ ਹਕੂਮਤ ਦੇ ਸਹਿਮ ਵਿੱਚ ਜੀਅ ਰਹੇ ਸਨ । ਵਿਸ਼ੇਸ਼ ਕਰਕੇ ਜਹਾਂਗੀਰ ਦੇ ਰਾਜ-ਕਾਲ ਤੋਂ ਹਿੰਦੂ ਪਰਜਾ ਨੂੰ ਜਬਰਨ ਮੁਸਲਮਾਨ ਬਣਾਉਣ ਦੀ ਪ੍ਰਕਿਰਿਆ ਜ਼ੋਰ ਪਕੜ ਰਹੀ ਸੀ । ਮੁਸਲਮਾਨ ਸ਼ਾਸਕਾਂ ਵਿੱਚ ਦੂਜੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਉੱਕਾ ਹੀ ਨਹੀਂ ਸੀ । ਮੁਸਲਮਾਨ ਬਣਾਉਣ ਦੀ ਪ੍ਰਕਿਰਿਆ ਜ਼ੋਰ ਪਕੜ ਰਹੀ ਸੀ। ਮੁਸਲਮਾਨ ਸ਼ਾਸ਼ਕਾਂ ਵਿੱਚ ਦੂਜੇ ਧਰਮਾਂ ਪ੍ਰਤੀ ਸਹਿਨਸ਼ੀਲਤਾ ਉੱਕਾ ਹੀ ਨਹੀਂ ਸੀ । ਉਹ ਹਰੇਕ ਨਾਗਰਿਕ ਨੂੰ ਮੁਸਲਮਾਨ ਬਣਾਉਣ ਲਈ ਹਰ ਤਰ੍ਹਾਂ ਦੀ ਸਖ਼ਤੀ ਅਤੇ ਜ਼ੁਲਮ ਕਰਨ ਤੋਂ ਵੀ ਸੰਕੋਚ ਨਹੀਂ ਸੀ ਕਰਦੇ । ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ 1669 ਈ. ਵਿੱਚ ਹਿੰਦੂ ਰਈਅਤ ਉੱਪਰ ਮੁੜ ਜਜ਼ੀਆ (ਕਰ) ਲਾ ਦਿੱਤਾ । ਇਸ ਹੁਕਮ ਨੂੰ

ਅਮਲੀ ਜਾਮਾ ਦੇਣ ਲਈ ਕਸ਼ਮੀਰ ਵਿੱਚ ਵਿਸ਼ੇਸ਼ ਤੌਰ 'ਤੇ ਸਖ਼ਤੀ ਵਰਤੀ ਗਈ। ਕਸ਼ਮੀਰ ਦੇ ਗਵਰਨਰ ਇਫ਼ਤਖ਼ਾਰ ਖਾਨ (1671-1675) ਦੇ ਹੁਕਮ ਨਾਲ ਮੁਸਲਮਾਨ ਬਣਨ ਤੋਂ ਨਾਂਹ-ਨੁੱਕਰ ਕਰਨ ਵਾਲਿਆਂ ਨੂੰ ਬਹੁਤ ਦੁੱਖ ਅਤੇ ਤਸੀਹੇ ਦੇਣ ਸ਼ੁਰੂ ਕੀਤੇ ਗਏ। ਗ਼ਰੀਬ ਤੇ ਕਮਜ਼ੋਰ ਲੋਕਾਂ ਪਾਸ ਕੋਈ ਚਾਰਾ ਨਹੀਂ ਸੀ, ਉਹ ਮਜਬੂਰਨ ਮੁਸਲਮਾਨ ਬਣਨ ਲੱਗ ਪਏ। ਕਸ਼ਮੀਰ ਦੇ ਪੰਡਤ ਇਸ ਦਸ਼ਾ ਤੋਂ ਬਹੁਤ ਪ੍ਰੇਸ਼ਾਨ ਹੋਏ। ਉਨ੍ਹਾਂ ਨੇ ਇਸ ਮੁਸੀਬਤ ਤੋਂ ਬਚਣ ਲਈ ਸਲਾਹ-ਮਸ਼ਵਰਾ ਕੀਤਾ। ਆਖ਼ਰ ਬ੍ਰਾਹਮਣ ਵਰਗ ਦਾ ਇਕ ਜਥਾ ਮਟਨ ਦੇ ਵਾਸੀ ਕਿਰਪਾ ਰਾਮ ਦੀ ਅਗਵਾਈ ਵਿੱਚ 25 ਮਈ 1675 ਨੂੰ ਚੱਕ ਨਾਨਕੀ (ਆਨੰਦਪੁਰ ਸਾਹਿਬ) ਪੁੱਜਿਆ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਾਰੀ ਦੁੱਖ ਭਰੀ ਵਿਥਿਆ ਦੱਸੀ ਅਤੇ ਬਹੁੜੀ ਕਰਨ ਲਈ ਬੇਨਤੀ ਕੀਤੀ। ਕਿਰਪਾ ਰਾਮ ਤੋਂ ਦੁੱਖ ਭਰੀ ਵਾਰਤਾ ਸੁਣ ਕੇ ਗੁਰੂ ਮਹਾਰਾਜ ਗੰਭੀਰ ਹੋ ਗਏ ਅਤੇ ਸੋਚਣ ਲੱਗੇ ਕਿ ਇਸ ਜ਼ੁਲਮ ਨੂੰ ਕਿਵੇਂ ਠੱਲ੍ਹ ਪਾਈ ਜਾਵੇ ? ਆਪ ਜੀ ਅੰਤਰ-ਧਿਆਨ ਹੋ ਕੇ ਸੋਚ ਹੀ ਰਹੇ ਸੀ ਕਿ ਹੋਣਹਾਰ ਬਾਲ ਗੋਬਿੰਦ ਰਾਇ ਜੀ, ਜਿਨ੍ਹਾਂ ਦੀ ਆਯੂ ਉਸ ਸਮੇਂ 9 ਵਰ੍ਹੇ ਦੱਸੀ ਜਾਂਦੀ ਹੈ, ਪਿਤਾ ਗੁਰੂ ਪਾਸ ਆ ਪਹੁੰਚੇ। ਪਿਤਾ ਜੀ ਨੂੰ ਗੰਭੀਰਤਾ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਬਾਲ ਗੋਬਿੰਦ ਰਾਇ ਜੀ ਨੂੰ ਪਿਆਰ ਕੀਤਾ, ਪਾਸ ਬਿਠਾਇਆ ਅਤੇ ਕਸ਼ਮੀਰੀ ਪੰਡਤਾਂ ਦੀ ਦੁੱਖ-ਭਰੀ ਕਹਾਣੀ ਦੱਸੀ ਅਤੇ ਇਹ ਕਿਹਾ ਕਿ ਇਸ ਜ਼ੁਲਮ ਨੂੰ ਕਿਸੇ ਮਹਾਨ ਆਤਮਾ ਦੀ ਕੁਰਬਾਨੀ ਹੀ ਰੋਕ ਸਕਦੀ ਹੈ। ਬਾਲ ਗੋਬਿੰਦ ਰਾਇ ਜੀ ਨੇ ਦ੍ਰਿੜਤਾ ਨਾਲ ਕਿਹਾ ਕਿ ਆਪ ਜੀ ਤੋਂ ਬਿਨਾਂ, ਮਹਾਨ ਆਤਮਾ ਹੋਰ ਕੌਣ ਹੋ ਸਕਦੀ ਹੈ ? ਗੁਰੂ ਜੀ ਇਹ ਉੱਤਰ ਸੁਣ ਕੇ ਬਹੁਤ ਪ੍ਰਸੰਨ ਹੋਏ ਅਤੇ ਉਨ੍ਹਾਂ ਨੂੰ ਤਸੱਲੀ ਹੋ ਗਈ ਕਿ ਬਾਲ ਗੋਬਿੰਦ ਰਾਇ ਜੀ ਸਿੱਖ ਪੰਥ ਦੀ ਅਗਵਾਈ ਕਰਨ ਦੇ ਯੋਗ ਹੋ ਗਏ ਹਨ। ਉਨ੍ਹਾਂ ਨੇ ਆਪਣਾ ਬਲੀਦਾਨ ਦੇਣ ਦੀ ਧਾਰਨਾ ਬਣਾ ਲਈ ਅਤੇ ਕਸ਼ਮੀਰੀ ਪੰਡਤਾਂ ਨੂੰ ਕਿਹਾ ਕਿ ਉਹ ਵਾਪਸ ਕਸ਼ਮੀਰ ਪਰਤ ਜਾਣ ਅਤੇ ਗਵਰਨਰ ਨੂੰ ਕਹਿ ਦੇਣ ਕਿ ਸ੍ਰੀ (ਗੁਰੂ) ਤੇਗ ਬਹਾਦਰ ਜੀ ਉਨ੍ਹਾਂ ਦੇ ਆਗੂ ਹਨ ਅਤੇ ਜੇ ਉਹ ਮੁਸਲਮਾਨ ਬਣਨਾ ਪ੍ਰਵਾਨ ਕਰ ਲੈਣ ਤਾਂ ਅਸੀਂ ਸਾਰੇ ਮੁਸਲਮਾਨ ਬਣ ਜਾਵਾਂਗੇ।

ਗਵਰਨਰ ਨੇ ਜਦੋਂ ਔਰੰਗਜ਼ੇਬ ਨੂੰ ਇਹ ਸੁਨੇਹਾ ਭੇਜਿਆ ਤਾਂ ਉਸ ਨੇ ਤੁਰੰਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਆਨੰਦਪੁਰ ਸਾਹਿਬ ਵੱਲ ਸਿਪਾਹੀ ਭੇਜ ਦਿੱਤੇ। ਸਿਪਾਹੀਆਂ ਦੇ ਪੁੱਜਣ ਤੋਂ ਪਹਿਲਾਂ ਹੀ ਗੁਰੂ ਜੀ ਨੇ ਦਿੱਲੀ ਵੱਲ ਯਾਤਰਾ ਸ਼ੁਰੂ ਕਰ ਦਿੱਤੀ ਤਾਂ ਕਿ ਥਾਂ ਪੁਰ ਥਾਂ ਜਾ ਕੇ ਰਸਤੇ ਦੀਆਂ ਸੰਗਤਾਂ ਨੂੰ ਹੋ ਰਹੇ ਅੱਤਿਆਚਾਰਾਂ ਤੋਂ ਜਾਣੂ ਕਰਵਾਇਆ ਜਾਵੇ।

ਆਪ 'ਤੇ ਹਰ ਤਰ੍ਹਾਂ ਦਾ ਜ਼ੁਲਮ ਕੀਤਾ ਗਿਆ ਤਾਂ ਕਿ ਆਪ ਇਸਲਾਮ ਵਿੱਚ ਸ਼ਾਮਿਲ ਹੋਣਾ ਪ੍ਰਵਾਨ ਕਰ ਲੈਣ ਪਰ ਨਾ ਤਾਂ ਸਰੀਰਕ ਕਸ਼ਟ, ਨਾ ਦੁਨਿਆਵੀ ਲਾਲਚ ਆਪ ਨੂੰ ਆਪਣੇ ਇਰਾਦੇ, ਧਰਮ ਅਤੇ ਸੱਚ ਦੇ ਮਾਰਗ ਤੋਂ ਥਿੜਕਾ ਸਕੇ। ਜਦੋਂ ਅਧਿਕਾਰੀਆਂ ਦਾ ਕੋਈ ਵੱਸ ਨਾ ਚੱਲਿਆ ਤਾਂ ਆਪ ਜੀ ਨੂੰ ਆਪਣੇ ਧਰਮ ਦੀ ਉੱਚਤਾ ਸਿੱਧ ਕਰਨ ਲਈ ਕਰਾਮਾਤ ਵਿਖਾਉਣ ਲਈ ਕਿਹਾ ਗਿਆ ਪਰ ਆਪ ਨੇ ਅਜਿਹਾ ਕਰਨ

ਤੋਂ ਨਾਂਹ ਕਰਦਿਆਂ ਕਿਹਾ ਕਿ ਪਰਮਾਤਮਾ ਦੇ ਹੁਕਮ ਵਿੱਚ ਮੁਦਾਖਲਤ ਕਰਨੀ ਸ਼ੋਭਾ ਨਹੀਂ ਦਿੰਦੀ । ਜਦੋਂ ਗੁਰੂ ਜੀ ਨੇ ਹਕੂਮਤ ਦੀ ਕੋਈ ਗੱਲ ਨਾ ਮੰਨੀ ਤਾਂ ਆਪ ਜੀ ਨੂੰ ਚਾਂਦਨੀ ਚੌਂਕ ਵਿਖੇ 11 ਨਵੰਬਰ, 1675 ਨੂੰ ਆਮ ਲੋਕਾਂ ਦੀ ਮੌਜੂਦਗੀ ਵਿੱਚ ਸ਼ਹੀਦ ਕਰ ਦਿੱਤਾ ਗਿਆ । ਹਕੂਮਤ ਦੀ ਕਰੋਪੀ ਤੋਂ ਡਰਦਿਆਂ ਆਪ ਦੇ ਸਰੀਰ ਦੀ ਸੰਭਾਲ ਲਈ ਕੋਈ ਵੀ ਅੱਗੇ ਨਾ ਆਇਆ । ਸ਼ਾਮ ਦੇ ਹਨੇਰੇ ਵਿੱਚ ਭਾਈ ਲੱਖੀ ਸ਼ਾਹ ਗੱਡੇ ਲੈ ਕੇ ਆਏ, ਗੁਰੂ ਜੀ ਦਾ ਧੜ ਗੱਡਿਆਂ ਵਿੱਚ ਰੱਖਿਆ ਅਤੇ ਆਪਣੇ ਘਰ ਲੈ ਗਏ । ਮੁਗ਼ਲਾਂ ਦੇ ਭੈ ਕਾਰਨ ਖੁੱਲ੍ਹੇ ਤੌਰ ਤੇ ਸਸਕਾਰ ਕਰਨਾ ਸੰਭਵ ਨਹੀਂ ਸੀ । ਇਸ ਲਈ ਲੱਖੀ ਸ਼ਾਹ ਦੇ ਪਰਿਵਾਰ ਨੇ ਗੁਰੂ ਜੀ ਦਾ ਸਰੀਰ ਆਪਣੇ ਘਰ ਅੰਦਰ ਰੱਖ ਕੇ ਘਰ ਨੂੰ ਹੀ ਅੱਗ ਲਾ ਦਿੱਤੀ । ਸਰੀਰ ਦੇ ਸਸਕਾਰ ਦੇ ਨਾਲ ਘਰ ਵੀ ਜਲ ਕੇ ਰਾਖ ਹੋ ਗਿਆ । (ਇਸ ਅਸਥਾਨ 'ਤੇ ਗੁਰਦੁਆਰਾ ਰਕਾਬ ਗੰਜ ਸਥਿਤ ਹੈ । ਚਾਂਦਨੀ ਚੌਂਕ ਵਿਖੇ, ਜਿੱਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ, ਉਥੇ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ ।)

ਸ਼ਹਾਦਤ ਦੇ ਤੁਰੰਤ ਬਾਅਦ ਐਸੀ ਭਗਦੜ ਮੱਚੀ ਜਿਸ ਵਿੱਚ ਭਾਈ ਜੈਤਾ ਜੀ ਨੇ ਗੁਰੂ ਜੀ ਦੇ ਸੀਸ ਦੀ ਸੰਭਾਲ ਕੀਤੀ ਅਤੇ ਸਿੱਧਾ ਆਨੰਦਪੁਰ ਸਾਹਿਬ ਵੱਲ ਚਾਲੇ ਪਾ ਦਿੱਤੇ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹਾਦਤ ਦਾ ਸਾਰਾ ਪ੍ਰਸੰਗ ਦੱਸਿਆ ਅਤੇ ਪਿਤਾ ਦਾ ਸੀਸ ਭੇਟ ਕੀਤਾ । ਗੁਰੂ ਜੀ ਨੇ ਸਤਿਕਾਰ ਅਤੇ ਪਿਆਰ ਵਿੱਚ ਮਸਤਕ ਝੁਕਾਇਆ, ਭਾਈ ਜੈਤੇ ਜੀ ਨੂੰ ਗਲਵੱਕੜੀ ਵਿੱਚ ਲੈ ਕੇ ਪਿਆਰ ਕੀਤਾ ਤੇ ਕਿਹਾ, " ਰੰਘਰੇਟ, ਗੁਰੂ ਕੇ ਬੇਟੇ"। ਜਿਸ ਥਾਂ 'ਤੇ ਸੀਸ ਦਾ ਸਸਕਾਰ ਕੀਤਾ ਗਿਆ, ਉਸ ਅਸਥਾਨ 'ਤੇ ਗੁਰਦੁਆਰਾ ਸੀਸ ਗੰਜ ਆਨੰਦਪੁਰ ਸਾਹਿਬ ਸੁਸ਼ੋਭਿਤ ਹੈ । ਦਿੱਲੀ ਤੋਂ ਲੱਖੀ ਸ਼ਾਹ ਅਤੇ ਹੋਰ ਸੰਗਤ ਵੀ ਪੁੱਜ ਗਈ । ਸਭ ਨੇ ਸ਼ਹੀਦੀ ਦਾ ਦਰਦਨਾਕ ਸਾਕਾ ਗੁਰੂ ਜੀ ਨੂੰ ਸ੍ਰਵਣ ਕਰਵਾਇਆ ਅਤੇ 'ਗੁਰੂ ਤੇਗ ਬਹਾਦਰ, ਹਿੰਦ ਦੀ ਚਾਦਰ' ਕਹਿ ਕੇ ਉਨ੍ਹਾਂ ਦੀ ਜੈ, ਜੈਕਾਰ ਕੀਤੀ । ਇਹ ਮਹਾਨ ਸਾਕਾ ਧਰਮ ਦੀ ਰੱਖਿਆ ਹਿਤ ਵਾਪਰਿਆ ।

ਇਸ ਸ਼ਹਾਦਤ ਨਾਲ ਇਕ ਪਾਸੇ ਹਿੰਦੁਸਤਾਨੀ ਜਨਤਾ ਵਿੱਚ ਜਾਗ੍ਰਿਤੀ ਆਈ ਕਿ ਉਨ੍ਹਾਂ ਨੂੰ ਧਰਮ 'ਤੇ ਕਾਇਮ ਰਹਿਣਾ ਚਾਹੀਦਾ ਹੈ ਅਤੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਕੁਰਬਾਨੀ ਕਰਨੀ ਚਾਹੀਦੀ ਹੈ । ਦੂਜੇ ਪਾਸੇ ਹਾਕਮ ਸ਼੍ਰੇਣੀ ਨੂੰ ਵੀ ਇਹ ਗਿਆਨ ਹੋ ਗਿਆ ਕਿ ਕਿਸੇ ਨੂੰ ਭੈ-ਭੀਤ ਕਰ ਕੇ ਜਬਰਦਸਤੀ ਧਰਮ ਪਰਿਵਰਤਨ ਕਰਵਾਉਣਾ ਸੁਖਾਲਾ ਕੰਮ ਨਹੀਂ ।

ਪਿਤਾ-ਗੁਰੂ ਦੀ ਮਹਾਨ ਸ਼ਹਾਦਤ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਡੂੰਘੀ ਸੋਚ ਵਿੱਚ ਪਾ ਦਿੱਤਾ ਅਤੇ ਉਹ ਜ਼ੁਲਮ ਦੀ ਰੋਕਥਾਮ ਲਈ ਕਿਸੇ ਮਹਾਨ ਯੋਜਨਾ ਨੂੰ ਸਿਰਜਣ ਅਤੇ ਅਮਲ ਵਿੱਚ ਲਿਆਉਣ ਲਈ ਗੰਭੀਰ ਹੋ ਗਏ । 1699 ਈ. ਦੀ ਵਿਸਾਖੀ ਨੂੰ ਹੋਈ ਖਾਲਸਾ ਪੰਥ ਦੀ ਸਿਰਜਣਾ ਇਸ ਗੰਭੀਰ ਸੋਚ ਦਾ ਸਿੱਟਾ ਸੀ ਅਤੇ ਇਸ ਸਿਰਜਣਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਲੀਦਾਨ ਦੀ ਬਹੁਤ ਵੱਡੀ ਦੇਣ ਹੈ ।

# ਭਾਈ ਮਤੀ ਦਾਸ, ਸਤੀ ਦਾਸ ਤੇ ਦਿਆਲਾ ਜੀ ਦੇ ਅਦੁੱਤੀ ਸ਼ਹੀਦੀ ਸਾਕੇ

-ਮਹਿੰਦਰ ਸਿੰਘ 'ਜੋਸ਼'

11 ਨਵੰਬਰ 1675 ਦਿਨ ਵੀਰਵਾਰ ਨੂੰ ਸਤਿਗੁਰਾਂ ਨੂੰ ਕੋਤਵਾਲੀ ਦੇ ਬਾਹਰ ਵਾਲੇ ਬਰੋਟੇ ਹੇਠ ਲਿਆਂਦਾ ਗਿਆ। ਕਾਜ਼ੀ ਨੇ ਇਸ ਦੌਰਾਨ ਇਕ ਹੋਰ ਨੀਚਤਾ ਭਰੀ ਸੋਚਣੀ ਸੋਚ ਲਈ ਉਸਦਾ ਵਿਚਾਰ ਸੀ ਕਿ ਗੁਰੂ ਜੀ ਦੇ ਤਿੰਨੋਂ ਸਾਥੀ ਸਿੱਖਾਂ ਨੂੰ ਜੇ ਇਬਰਤਨਾਕ ਤਸੀਹੇ ਦੇ ਕੇ ਬਹੁਤ ਭਿਅੰਕਰ ਜਾਂ-ਖ਼ੌਫਨਾਕ ਕਿਸਮ ਦੀਆਂ ਮੌਤਾਂ ਨਾਲ ਗੁਰੂ ਜੀ ਦੀਆਂ ਅੱਖਾਂ ਸਾਹਮਣੇ ਮਾਰਿਆ ਜਾਏ ਤਾਂ ਸ਼ਾਇਦ ਗੁਰੂ ਜੀ ਨੂੰ ਡੁਲਾਇਆ ਜਾ ਸਕੇਗਾ। ਕਿਉਕਿ, ਸ਼ਾਹੀ ਕਾਜ਼ੀ ਤੇ ਸਤਿਗੁਰਾਂ ਦੇ ਤਿੰਨੋਂ ਸਿੱਖਾਂ ਨੂੰ ਵੱਖ-ਵੱਖ ਕਿਸਮ ਦੇ ਤਸੀਹੇ ਦੇਕੇ ਦਰਦਨਾਕ ਅਤੇ ਅਤਿ ਖ਼ੌਫਨਾਕ ਮੌਤਾਂ ਨਾਲ ਮਾਰਨ ਦਾ ਫ਼ਤਵਾ ਦੇ ਦਿੱਤਾ।

ਕਾਜ਼ੀ ਦੇ ਹੁਕਮ ਅਨੁਸਾਰ ਭਾਈ ਦਿਆਲਾ ਜੀ ਨੂੰ ਚਾਂਦਨੀ ਚੌਂਕ ਦੇ ਇਕ ਖੂਹ ਲਾਗੇ ਪਾਣੀ ਦੀ ਉਬਲਦੀ ਦੇਗ ਵਿੱਚ ਉਬਾਲਕੇ ਸ਼ਹੀਦ ਕੀਤਾ ਗਿਆ, ਜੋ ਲੂੰ-ਕੰਡੇ, ਖੜੇ ਕਰ ਦੇਣ ਵਾਲਾ ਇਤਿਹਾਸਕ ਵਾਕਿਆ ਹੈ। ਭਾਈ ਸਾਹਿਬ ਨੇ ਦੁਨੀਆਂ ਨੂੰ ਹੈਰਤ ਵਿੱਚ ਪਾ ਦੇਣ ਵਾਲੀ ਸਿੱਖੀ ਅਡੋਲਤਾ ਦੇ ਖੁੱਲ੍ਹੇ ਦੀਦਾਰ ਕਰਵਾਏ। ਕੁੱਝ ਸਾਲ ਪਹਿਲਾਂ ਜਿਸ ਥਾਂ 'ਤੇ ਮੈਜੇਸਟਿਕ ਸਿਨੇਮਾ ਦੀ ਇਮਾਰਤ ਸੀ, ਇਸਦੇ ਐਨ ਸਾਹਮਣੇ ਹਲਵਾਈ ਦੀ ਮਸ਼ਹੂਰ ਦੁਕਾਨ ਹੈ। ਇਸ ਹਲਵਾਈ ਦੀ ਦੁਕਾਨ ਵਾਲਾ ਖੂਹ ਹੀ ਉਹ ਇਤਿਹਾਸਕ ਥਾਂ ਹੈ, ਜਿਥੇ ਭਾਈ ਦਿਆਲਾ ਜੀ ਨੂੰ ਉਬਾਲ ਕੇ ਸ਼ਹੀਦ ਕੀਤਾ ਗਿਆ।

ਭਾਈ ਮਤੀ ਦਾਸ ਜੀ ਨੂੰ ਚਾਂਦਨੀ ਚੌਂਕ ਦੇ ਫੁਹਾਰੇ ਵਾਲੇ ਅਸਥਾਨ 'ਤੇ ਹੀ ਆਰੇ ਨਾਲ ਚੀਰ ਕੇ ਅਣ-ਮਨੁੱਖੀ ਕਿਸਮ ਦੇ ਤਸੀਹਿਆਂ ਨਾਲ ਸ਼ਹੀਦ ਕੀਤਾ ਗਿਆ। ਜ਼ਾਲਮ ਹਕੂਮਤ ਵੱਲੋਂ ਢਾਹਿਆ ਗਿਆ ਇਹ ਕਹਿਰ ਹਰ ਪੜ੍ਹਨ-ਸੁਣਨ ਵਾਲੇ ਨੂੰ ਦਹਿਲਾ ਕੇ ਰੱਖ ਦਿੰਦਾ ਹੈ, ਪਰ ਭਾਈ ਸਾਹਿਬ ਨੇ ਅਹਿੱਲ ਤੇ ਪੂਰਨ ਅਡੋਲਤਾ ਦੀ ਅਵਸਥਾ ਵਿੱਚ ਰਹਿੰਦਿਆਂ ਸਭ ਨੂੰ ਹੈਰਾਨ ਕਰ ਦਿੱਤਾ।

ਇਸੇ ਤਰ੍ਹਾਂ ਜ਼ਾਲਮ ਅਤੇ ਪਸ਼ੂ-ਬ੍ਰਿਤੀ ਕਾਜ਼ੀ ਨੇ ਭਾਈ ਸਤੀ ਦਾਸ ਜੀ ਨੂੰ ਕੋਤਵਾਲੀ ਦੇ ਸਾਹਮਣੇ ਰੂੰ ਵਿੱਚ ਵਲੇਟ-ਬੰਨ੍ਹ ਕੇ ਜ਼ਿੰਦਾ ਸਾੜ ਕੇ ਮਾਰਨ ਦਾ ਫ਼ਤਵਾ ਦਿੱਤਾ, ਜੋ ਜਲਾਦਾਂ ਨੇ ਅਮਲ ਵਿੱਚ ਲੈ ਆਂਦਾ। ਜਿੱਥੇ ਜ਼ਾਲਮ ਹਕੂਮਤ ਨੇ ਦੁਨੀਆਂ ਦੇ ਵੱਧ ਤੋਂ ਵੱਧ ਕਿਸਮ ਦੇ ਖ਼ੌਫਨਾਕ ਤਸੀਹਿਆਂ ਰਾਹੀਂ ਸ਼ਹੀਦ ਕਰ ਕੇ ਦਹਿਸ਼ਤ ਪੈਦਾ ਕੀਤੀ, ਉਥੇ ਭਾਈ ਸਾਹਿਬ ਦੀ ਅਡਿੱਗਤਾ ਤੇ ਅਡੋਲਤਾ ਵੀ ਹਰ ਵੇਖਣ-ਸੁਣਨ ਵਾਲੇ ਨੂੰ ਹੈਰਤ ਵਿੱਚ ਪਾਉਂਦੀ ਹੈ।

ਗੁਰੂ ਜੀ ਨੇ ਸਿੱਖਾਂ ਦੀ ਇਸ ਦਲੇਰੀ, ਸੂਰਮਗਤੀ ਤੇ ਸਾਬਤ-ਕਦਮੀ ਨੂੰ 'ਧੰਨਤਾ ਯੋਗ ਸਿੱਖੀ' ਦੇ ਨਾਮ ਨਾਲ ਮੁਖ਼ਾਤਿਬ ਕੀਤਾ। ਆਪ ਨੇ ਇਹ ਬਚਨ ਕੀਤਾ ਕਿ ਹੁਣ ਇਹ ਮੁਗਲ ਰਾਜ ਜ਼ਿਆਦਾ ਅਰਸਾ ਇਸ ਦੇਸ਼ ਉਤੇ ਟਿਕਿਆ ਨਹੀਂ ਰਹਿ ਸਕੇਗਾ, ਕਿਉਂਕਿ ਇਹਨਾਂ ਸ਼ਹਾਦਤਾਂ ਰਾਹੀਂ ਤਾਂ ਮੁਗਲਾਂ ਨੇ ਆਪਣੀਆਂ ਜੜ੍ਹਾਂ ਹੀ ਪੁੱਟਵਾ ਲਈਆਂ ਹਨ।

# ਸਿੱਖ ਇਤਿਹਾਸ ਦਾ ਨਾਮਵਰ ਯੋਧਾ
# ਭਾਈ ਜੀਵਨ ਸਿੰਘ ਰੰਘਰੇਟਾ

-ਸ੍ਰ: ਜਸਵੰਤ ਸਿੰਘ ਤਾਨ

**ਸਰਸਾ ਕੰਢੇ ਦੀ ਲੜਾਈ ਸਮੇਂ ਭਾਈ ਜੀਵਨ ਸਿੰਘ ਜੀ ਨੇ ਬਹੁਤ ਘਾਲਣਾ ਘਾਲੀ । ਤਕਰੀਬਨ ਸਾਰੀਆਂ ਲੜਾਈਆਂ 'ਚ ਮੂਹਰਲੀਆਂ ਕਤਾਰਾਂ ਵਿੱਚ ਰਹਿ ਕੇ ਅੰਮ੍ਰਿਤ ਦੀ ਸ਼ਕਤੀ ਦਾ ਇਜ਼ਹਾਰ ਕੀਤਾ, ਜਿੱਤਾਂ ਪ੍ਰਾਪਤ ਕੀਤੀਆਂ । ਚਮਕੌਰ ਸਾਹਿਬ ਦੀ ਅਲੌਕਿਕ ਲੜਾਈ ਸਮੇਂ ਬਹਾਦਰੀ ਨਾਲ ਲੜਦਿਆਂ ਸ਼ਹਾਦਤ ਦੇ ਜਾਮ ਪੀਤੇ । ਇਹ ਸੀ ਭਾਈ ਜੀਵਨ ਸਿੰਘ 'ਰੰਘਰੇਟਾ, ਗੁਰੂ ਕਾ ਬੇਟਾ' ਅਖਵਾਉਣ ਵਾਲਾ ਸਿੱਖ ਇਤਿਹਾਸ ਦਾ ਨਾਮਵਰ ਯੋਧਾ ।**

ਰਮਦਾਸ ਜ਼ਿਲ੍ਹਾ ਅੰਮ੍ਰਿਤਸਰ ਰੰਧਾਵੇ ਕਲਿਆਣੇ ਦੇ ਘਰ ਸੁਖ ਭਾਨ ਜੀ, ਉਨ੍ਹਾਂ ਦੇ ਘਰ ਜਸ ਭਾਨ ਜੀ ਅਤੇ ਇਨ੍ਹਾਂ ਦੇ ਅੱਗੋਂ ਦੋ ਪੁੱਤਰ ਪੈਦਾ ਹੋਏ, ਆਗਿਆ ਰਾਮ ਤੇ ਸਦਾ ਨੰਦ ਜੀ ਇਹ ਗੁਰੂ-ਘਰ ਦੇ ਸ਼ਰਧਾਲੂ ਸਨ । ਗੁਰੂ ਤੇਗ ਬਹਾਦਰ ਜੀ ਦੀ ਪ੍ਰੇਰਨਾ ਨਾਲ ਇਨ੍ਹਾਂ ਦੀ ਸ਼ਾਦੀ ਪੰਡਤ ਸ਼ਿਵ ਨਾਰਾਇਣ ਦੀ ਸਪੁੱਤਰੀ ਲਾਜਵੰਤੀ ਨਾਲ ਅਲੀਗੜ੍ਹ ਵਿਖੇ ਹੋਈ । ਨੌਵੇਂ ਪਾਤਸ਼ਾਹ ਜੀ ਦੀ ਪਹਿਲੀ ਪ੍ਰਚਾਰ ਯਾਤਰਾ ਦਾ ਸਮਾਂ ਜੂਨ 1656 ਤੋਂ 1657 ਅੱਧ ਤੱਕ ਦਾ ਹੈ, ਇਸ ਯਾਤਰਾ ਸਮੇਂ ਭਾਈ ਸਦਾ ਨੰਦ ਗੁਰੂ ਜੀ ਨਾਲ ਗਏ ਸਨ । ਕਵੀ ਕੰਕਣ ਅਨੁਸਾਰ :

ਵਾਪਿਸ ਨਗਰ ਕੋਇਲ ਸੋ ਆਏ ਨੌਵੇਂ ਅਵਤਾਰ ।
ਹੋਈ ਸ਼ਾਦੀ ਸਦਾ ਨੰਦ ਕੀ, ਕ੍ਰਿਪਾ ਕਰੀ ਅਪਾਰ ।

ਵਾਪਸ ਬਾਬੇ ਬਕਾਲੇ ਆ ਗਏ । ਦੂਜੀ ਯਾਤਰਾ ਬਾਬਾ ਜੀ ਦਾ ਪਰਿਵਾਰ ਹੋਰ ਸਿੱਖਾਂ ਸਮੇਤ ਭਾਈ ਸਦਾ ਨੰਦ ਤੇ ਉਨ੍ਹਾਂ ਦੀ ਸੁਪੱਤਨੀ ਲਾਜਵੰਤੀ ਵੀ ਨਾਲ ਸੀ । ਬਨਾਰਸ ਦੀ ਯਾਤਰਾ ਕਰਕੇ ਬਾਬਾ ਜੀ ਸੰਗਤਾਂ ਸਮੇਤ ਸਸਰਾਮ ਤੇ ਗਯਾ ਪੁੱਜ ਗਏ, ਗਯਾ ਤੋਂ ਭਾਈ ਜੇਠਾ ਉਨ੍ਹਾਂ ਨੂੰ ਪਟਨੇ ਲੈ ਗਿਆ । ਇਥੇ ਪਟਨਾ ਸਾਹਿਬ ਵਿਖੇ 5 ਅੱਸੂ ਸੰਮਤ 1718 (2 ਸਤੰਬਰ 1661 ਈ.) ਗੁਰੂ-ਘਰ ਦੀ ਸ਼ਰਧਾਲੂ ਲਾਵਜੰਤੀ (ਬੀਬੀ ਪ੍ਰੇਮੋ) ਦੀ ਕੁੱਖੋਂ ਇੱਕ ਸੁੰਦਰ ਬਾਲਕ ਨੇ ਜਨਮ ਲਿਆ ਜਿਸ ਦਾ ਨਾਉਂ ਜੈਤਾ ਰੱਖਿਆ ਗਿਆ ਮਾਤਾ ਗੁਜਰੀ ਜੀ ਨੇ ਬੀਬੀ ਲਾਜਵੰਤੀ ਦਾ ਸੁਭਾਅ, ਨਿਮਰਤਾ ਹਲੇਮੀ ਦੇਖਕੇ ਲਾਜਵੰਤੀ ਦਾ ਨਾਉਂ 'ਪ੍ਰੇਮੋ' ਰੱਖ ਦਿੱਤਾ ਸੀ । ਪਟਨੇ ਵਿੱਚ ਜੈਤੇ ਦਾ ਜਨਮ ਹੋਣ ਕਰਕੇ ਇਨ੍ਹਾਂ ਨੂੰ ਬਚਪਨ ਤੋਂ ਹੀ ਬੇਗਸੀ ਵੀ ਕਿਹਾ ਜਾਣ ਲੱਗਿਆ ।

ਬੇਗਸੀ ਤਾਕੋ ਦੇਸ਼ ਭਣੀਜੈ । ਤਾਤੇ ਨਾਮ ਬੇਗਸੀ ਲੀਜੈ ॥

ਜੈਤਾ ਜੀ, ਗੋਬਿੰਦ ਰਾਏ ਜੀ ਤੋਂ ਤਕਰੀਬਨ 6 ਕੁ ਸਾਲ ਵੱਡੇ ਸਨ । ਬਚਪਨ ਇਨ੍ਹਾਂ ਨੇ ਪਟਨੇ ਗੁਜ਼ਾਰਿਆ । ਗੁਰਮੁਖੀ, ਗੁਰਬਾਣੀ, ਸ਼ਸਤਰ ਵਿੱਦਿਆ ਇਨ੍ਹਾਂ ਪਟਨੇ ਤੋਂ ਲਈ । ਕੋਈ ਨਹੀਂ ਸੀ ਜਾਣਦਾ ਕਿ ਇਹ ਮਹਾਨ ਸ਼ਖ਼ਸੀਅਤ ਤੇ ਮਹਾਨ ਯੋਧੇ ਨਿਡਰ ਵੱਡੀਆਂ ਮੱਲਾਂ ਮਾਰਨਗੇ ਤੇ ਅਦੁੱਤੀ ਕਾਰਨਾਮੇ ਕਰਨਗੇ । ਜੈਤਾ ਜੀ ਬਾਰੇ 'ਹਰਨਾਮ ਦਾਸ ਸਹਿਰਾਈ' ਲਿਖਦਾ ਹੈ ਕਿ ਜੈਤਾ ਇੱਕ ਆਵਾਜ਼ ਸੀ, ਜਿਹੜੀ ਕੰਠ ਵਿੱਚੋਂ ਨਹੀਂ ਸੀ ਨਿਕਲੀ, ਜੈਤਾ ਇੱਕ ਤੂਫਾਨ ਸੀ ਲਹਿਰਾਂ ਦੀ ਬੁੱਕਲ ਲੁਕਿਆ ਹੋਇਆ, ਜੈਤਾ ਇੱਕ

ਜਵਾਲਾ ਸੀ ਪਹਾੜਾਂ ਦੀ ਹਿੱਕ ਵਿੱਚ ਲੁਕੀ ਹੋਈ, ਜੈਤਾ ਉਨ੍ਹਾਂ ਮਹਾਂਪੁਰਸ਼ਾਂ ਦੀ ਬਹਿਣੀ ਬੈਠਾ ਸੀ, ਜਿਨ੍ਹਾਂ ਇੱਕ ਨਵੀਂ ਕੌਮ ਦੀ ਸਿਰਜਣਾ ਕਰਨੀ ਸੀ ਜੈਤਾ ਜੀ ਨੇ ਮਾਂ ਦੇ ਦੁੱਧ ਨਾਲ ਲੋਰੀਆਂ ਲਈਆਂ ਸਨ ਬਹਾਦਰ ਯੋਧਿਆਂ ਦੀਆਂ । ਵੀਰ ਗਾਥਾਵਾਂ ਸੁਣਾ ਕੇ ਜੈਤਾ ਜੀ ਨੂੰ ਦੱਸਣ ਵਾਲੀ ਸੀ ਮਾਤਾ ਨਾਨਕੀ ਜੀ । ਜੈਤਾ ਮਾਤਾ ਗੁਜਰੀ ਜੀ ਦੇ ਵਿਹੜੇ ਵਿੱਚ ਜੁਆਨ ਹੋਇਆ ।

ਜ਼ਾਲਮ ਹਕੂਮਤ ਨੇ ਚਾਂਦਨੀ ਚੌਂਕ ਵਿਖੇ ਗੁਰੂ ਤੇਗ ਬਹਾਦਰ ਜੀ ਨੂੰ ਇੱਕ ਖੂਨੀ ਪਿੰਜਰੇ ਵਿੱਚ ਕੈਦ ਕੀਤਾ । ਵਕਤ ਦੀ ਹਕੂਮਤ ਖਾਸ ਕਰਕੇ ਕਾਜ਼ੀ ਅਬੁਲ ਵਹੋਰਾ ਨੇ ਧਮਕੀਆਂ ਦੇਣੀਆਂ ਸ਼ੁਰੂ ਕੀਤੀਆਂ । ਗੁਰੂ ਜੀ ਅਡੋਲ ਰਹੇ । ਹਕੂਮਤ ਨੇ ਉਸੇ ਵੇਲੇ ਐਲਾਨ ਕਰ ਦਿੱਤਾ, ਡੌਂਡੀ ਪਿਟਵਾ ਦਿੱਤੀ ਗਈ ਕਿ ਕੱਲ੍ਹ ਨੂੰ ਸਿੱਖਾਂ ਦੇ ਨੌਵੇਂ ਗੁਰੂ ਨੂੰ ਚਾਂਦਨੀ ਚੌਂਕ ਵਿਖੇ ਕਤਲ ਕੀਤਾ ਜਾਏਗਾ । ਵੀਰਵਾਰ ਦਾ ਦਿਨ ਸੀ । ਮੱਘਰ ਸੁਦੀ ਪੰਚਮੀ 11 ਮੱਘਰ ਸੰਮਤ 1732 , 11 ਨਵੰਬਰ 1675 ਈਸਵੀ ਨੂੰ ਪਹਿਲਾਂ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ ਨੂੰ ਤਸੀਹੇ ਦੇ ਕੇ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ । ਜਲਾਲੂਦੀਨ ਸਮਾਣੇ ਦਾ ਜਲਾਦ ਅੱਗੇ ਆਇਆ, ਤਲਵਾਰ ਦਾ ਵਾਰ ਨੌਵੇ ਪਾਤਸ਼ਾਹ 'ਤੇ ਕੀਤਾ , ਹਰ ਪਾਸੇ ਹਾਹਾਕਾਰ ਹੈ, ਝੱਖੜ ਝੁੱਲ ਰਿਹਾ ਹੈ । ਕਹਿਰਾਂ ਦੀ ਹਨ੍ਹੇਰੀ ਆਈ । ਭਾਈ ਜੈਤੇ ਨੇ ਇਹ ਭਾਣਾ ਵਰਤਦਾ ਅੱਖੀਂ ਵੇਖਿਆ, ਅੱਖਾਂ ਅੱਗੇ ਹਨ੍ਹੇਰੀ ਆਈ । ਭਾਈ ਸਾਹਿਬ ਉਠਦਾ ਬੈਠਦਾ ਭਾਈ ਨਾਨੂੰ ਰਾਇ ਛੀਪੇ ਦੇ ਘਰ ਪੁੱਜਿਆ । ਜਿਗਰਾ ਕਰਕੇ ਇਥੇ ਬਾਕੀ ਸਿੱਖਾਂ ਭਾਈ ਤੁਲਸੀ, ਭਾਈ ਆਗਿਆ ਰਾਮ, ਭਾਈ ਊਦਾ, ਜੈਤਾ, ਭਾਈ ਗੁਰਬਖਸ਼ ਤੇ ਹੋਰ ਸਿੱਖਾਂ ਨੇ ਗੁਰਮਤਾ ਕੀਤਾ । ਇਨ੍ਹਾਂ ਭਾਈ ਲੱਖੀ ਸ਼ਾਹ ਵਣਜਾਰੇ ਨਾਲ ਗੱਲ ਕੀਤੀ । ਭਾਈ ਜੈਤਾ ਜੀ ਗੁਰੂ ਜੀ ਦਾ ਸੀਸ ਚੁੱਕ ਕੇ ਲੈ ਗਿਆ ਅਤੇ ਲੱਖੀ ਸ਼ਾਹ ਵਣਜਾਰਾ ਗੁਰੂ ਜੀ ਦਾ ਧੜ ਆਪਣੇ ਗੱਡੇ ਵਿੱਚ ਰੱਖ ਕੇ ਆਪਣੇ ਘਰ ਲੈ ਗਿਆ ਸੀ, ਜਿਥੇ ਅੱਜਕਲ੍ਹ ਗੁਰਦੁਆਰਾ ਰਕਾਬ ਗੰਜ ਹੈ । ਪਰਿਵਾਰ ਦੇ ਜੀਆਂ ਨਾਲ ਸਲਾਹ ਕਰਕੇ ਘਰ ਨੂੰ ਅੱਗ ਲਾ ਦਿੱਤੀ । ਮੌਸਮ ਖਰਾਬ ਸੀ, ਸਰਦੀ ਪੈ ਰਹੀ ਸੀ, ਝੱਖੜ ਝੁਲਦਾ ਸੀ, ਅਜੇ ਰਾਤ ਢਲੀ ਨਹੀਂ ਸੀ । ਭਾਈ ਨਗਾਹੀਆ, ਭਾਈ ਹੇਮਾ, ਭਾਈ ਹਾੜੀ ਅਤੇ ਧੂਮਾਂ ਬੇਟੇ ਨਾਨੂੰ ਦੇ ਸਨ, ਘਰ ਵਿੱਚ ਹੀ ਸਸਕਾਰ ਕਰਕੇ ਇਕ ਪਾਸੇ ਬੈਠ ਗਏ । ਇਹ ਹੈ, ਸੇਠ ਲੱਖੀ ਸ਼ਾਹ ਵਣਜਾਰੇ ਦਾ ਘਰ । ਇਕ ਸ਼ਾਇਰ ਅਨੁਸਾਰ :

ਕਈ ਸ਼ਾਹ ਹੋਇ ਹਨ ਜਗ ਅੰਦਰ ਜਿਨ੍ਹਾਂ ਨੇ ਆਪਣਾ ਫਰਜ਼ ਨਿਭਾਇਆ ।<br>
ਇਕ ਸ਼ਾਹ ਨੇ ਗੁਰੂ ਲਾਧੋ ਰੇ ਗੁਰੂ ਲਾਧੋ ਰੇ ਦਾ ਰੌਲਾ ਪਾਇਆ ।<br>
ਦੂਜੇ ਸ਼ਾਹ ਨੇ ਨੌਵੇਂ ਗੁਰੂ ਨੂੰ ਆਪਣੇ ਘਰ ਦੇ ਵਿੱਚ ਲੁਕਾਇਆ ।<br>
ਇਥੇ ਸ਼ਾਹ ਨੇਬਸ ਨਹੀਂ ਕੀਤੀ, ਆਪਣੇ ਘਰ ਨੂੰ ਲਾਂਬੂ ਲਾਇਆ ।<br>
ਉਹਨੇ ਆਪਣਾ ਫਰਜ਼ ਨਿਭਾਇਆ, ਇਹਨੇ ਆਪਣਾ ਫਰਜ਼ ਨਿਭਾਇਆ ।

ਪਿੰਡ ਤ੍ਰਾਵੜੀ ਵਿਖੇ ਭਾਈ ਜੈਤਾ ਜੀ ਨੂੰ ਪੁੱਜਦਿਆਂ ਸ਼ਾਮਾਂ ਪੈ ਗਈਆਂ, ਇਹ ਪੁਰਾਣਾ ਨਗਰ ਕਰਨਾਲ ਤੋਂ 12 ਕਿਲੋਮੀਟਰ ਦੀ ਦੂਰੀ 'ਤੇ ਹੈ । ਬਾਰ੍ਹਵੀਂ ਸਦੀ ਵਿੱਚ ਚੌਹਾਨ ਰਾਜਿਆਂ ਦੀ ਸ਼ਕਤੀ ਦਾ ਮਹਾਨ ਕੇਂਦਰ ਸੀ । ਇਥੇ ਹੀ ਪ੍ਰਿਥੀ ਰਾਜ ਚੌਹਾਨ ਦੀ ਮੁਹੰਮਦ ਗੌਰੀ ਨਾਲ ਦੋ ਵਾਰ ਟੱਕਰ ਹੋਈ । ਇਥੇ ਇਕ ਪੁਰਾਣਾ ਕਿਲ੍ਹਾ ਹੈ, ਜਿਸ ਦੇ

ਦੱਖਣ ਵਾਲੇ ਪਾਸੇ ਇੱਕ ਤਲਾਬ ਸੀ। ਇਸ ਤਲਾਬ ਦੇ ਲਾਗੈ ਧੋਬੀਆਂ ਦੇ ਘਰ ਸਨ, ਉਨ੍ਹਾਂ ਵਿੱਚ ਇਕ ਦੇਵਾ ਰਾਮ ਧੋਬੀ ਸੀ, ਜਿਸ ਦੇ ਘਰ ਭਾਈ ਜੈਤਾ ਰਿਹਾ। ਇਥੇ ਉਹ ਚਾਦਰ ਜਿਸ ਵਿੱਚ ਸੀਸ ਲਪੇਟਿਆ ਸੀ, ਦੇਵਾ ਰਾਮ ਤੇ ਹੋਰ ਸ਼ਰਧਾਲੂਆਂ ਨੇ ਇਕ ਬੇਰੀ 'ਤੇ ਟੰਗ ਦਿੱਤੀ ਅਤੇ ਇਕ ਟੋਕਰੀ ਵਿੱਚ ਹਰੇ ਪੱਤੇ, ਫੁੱਲ ਆਦਿ ਪਾ ਕੇ ਸੀਸ ਵਿੱਚ ਰੱਖ ਦਿੱਤਾ। ਸਵੇਰੇ ਵੱਡੇ ਤੜਕੇ ਭਾਈ ਜੈਤਾ ਸੀਸ ਚੁੱਕ ਕੇ ਤੁਰ ਪਿਆ। ਪੈਂਡਾ ਮੁਕਾਉਂਦਾ ਮੁਕਾਉਂਦਾ ਅੰਬਾਲੇ ਪੁੱਜਿਆ। ਇਥੇ ਟਾਂਗਰੀ ਨਦੀ ਪਾਰ ਕੇ ਇਕ ਜੰਡ ਦੇ ਹੇਠ ਸੀਸ ਰੱਖ ਕੇ ਆਰਾਮ ਕੀਤਾ। ਉਹ ਜਗਾਧਰੀ ਵਾਲੇ ਦਰਵਾਜ਼ੇ ਰਾਹੀਂ ਸ਼ਹਿਰ ਵਿੱਚ ਦਾਖਲ ਹੋਇਆ ਇਥੇ ਇਸ ਨੂੰ ਇਕ ਫ਼ਕੀਰ ਮਿਲਿਆ, ਜਿਸ ਨੇ ਭਾਈ ਜੈਤੇ ਨੂੰ ਰਾਮ ਦੇਵ ਦੇ ਘਰ ਮੁਹੱਲਾ ਕੈਥ ਮਾਜਰੀ ਵਿਖੇ ਛੱਡਿਆ। ਇਥੇ ਰਾਮੇ ਤੇ ਰਾਮੇ ਦੀ ਘਰ ਵਾਲੀ ਨੇ ਸਾਰੀ ਰਾਤ ਬੈਠ ਕੇ ਦਰਸ਼ਨ ਕਰਦਿਆਂ ਗੁਜ਼ਾਰੀ। ਅੰਮ੍ਰਿਤ ਵੇਲੇ ਇਨ੍ਹਾਂ ਨੇ ਭਾਈ ਜੈਤੇ ਨੂੰ ਸੱਜਲ ਅੱਖਾਂ ਨਾਲ ਵਿਦਾ ਕੀਤਾ ਇਹ ਨਿਰਭੈ ਯੋਧਾ ਗੁਰੂ 'ਤੇ ਭਰੋਸਾ ਰੱਖ ਕੇ ਤੁਰੀ ਗਿਆ। ਇਨ੍ਹੇ ਤੀਜਾ ਪੜਾਅ ਨਾਭੇ ਪਿੰਡ ਵਿਖੇ ਚੰਡੀਗੜ੍ਹ ਤੋਂ 15 ਮੀਲ ਦੀ ਦੂਰੀ 'ਤੇ ਕੀਤਾ। ਇਥੇ ਇਸ ਨੂੰ ਇਕ ਕਾਮਿਲ ਮੁਸਲਮਾਨ ਫ਼ਕੀਰ ਦਰਗਾਹੀ ਸ਼ਾਹ ਮਿਲਿਆ, ਜਿਸ ਨੇ ਅਦਬ ਨਾਲ ਸਾਰੀ ਰਾਤ ਪਿਆਰੇ ਦੀ ਯਾਦ ਵਿੱਚ ਬੈਠ ਕੇ ਗੁਜ਼ਾਰੀ। ਇਸ ਪਵਿੱਤਰ ਅਸਥਾਨ, ਥੜ੍ਹਾ ਸਾਹਿਬ ਦੀ ਸੇਵਾ ਰਾਜਾ ਕਰਮ ਸਿੰਘ ਪਟਿਆਲਾ ਨੇ ਕੀਤੀ ਤੇ ਚਾਰ ਦਿਵਾਰੀ ਕਰਵਾ ਕੇ ਖੁਸ਼ੀ ਲਈ ਆਨੰਦਪੁਰ ਸਾਹਿਬ ਖ਼ਬਰ ਪੁੱਜ ਗਈ ਸੀ। ਗੁਰੂ ਜੀ ਸਮੇਤ ਪਰਿਵਾਰ ਅਤੇ ਸਮੁੱਚੀ ਸੰਗਤ ਕੀਰਤਪੁਰ ਸਾਹਿਬ ਪੁੱਜ ਗਏ ਸਨ। ਭਾਈ ਜੈਤਾ ਜੀ ਨੇ ਗੁਰੂ ਜੀ ਦਾ ਸੀਸ ਸੰਗਤਾਂ ਦੇ ਸਾਹਮਣੇ ਗੁਰੂ ਜੀ ਅੱਗੇ ਰੱਖਿਆ। ਗੁਰੂ ਜੀ ਨੂੰ ਨਮਸਕਾਰ ਕੀਤੀ। ਸੰਗਤਾਂ ਦੇ ਨੈਣ ਸੱਜਲ ਹਨ। ਸਾਰੇ ਚਿਹਰੇ ਵੈਰਾਗ ਵਿੱਚ ਹਨ। ਜਿੱਥੇ ਸੀਸ ਰੱਖਿਆ, ਉਹ ਬਿਬਾਨਗੜ੍ਹ ਕੀਰਤਪੁਰ ਸਾਹਿਬ ਹੈ। ਪਾਲਕੀ (ਬਿਬਾਨ) ਵਿੱਚ ਸੀਸ ਰੱਖ ਕੇ ਗੁਰੂ ਜੀ ਤੇ ਸਾਰੀਆਂ ਸੰਗਤਾਂ ਆਨੰਦਪੁਰ ਸਾਹਿਬ ਨੂੰ ਤੁਰ ਪਈਆਂ। ਸਾਰੀਆਂ ਸੰਗਤਾਂ ਭਾਣੇ ਵਿੱਚ ਹਨ ਪਰ ਨੈਣ ਸੱਜਲ ਹਨ। ਸੀਸ ਤੋਂ ਰੁਮਾਲ ਗੋਬਿੰਦ ਰਾਏ ਜੀ ਨੇ ਚੁੱਕਿਆ, "ਪੁੱਤਰ!" ਨਾਨਕੀ ਜੀ ਬੋਲੇ, "ਇਹ ਕਿਹਾ ਭਾਣਾ ਵਰਤਾ ਦਿੱਤੈ।" "ਮਾਂ ਜੀ, 'ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ' ਭਾਣਾ ਹੈ ! ਵਰਤ ਗਿਆ ਹੈ ! ਬਸ।" ਚਿਖਾ ਤਿਆਰ ਕੀਤੀ ਗਈ। ਸੀਸ ਨੂੰ ਉੱਪਰ ਰੱਖ ਅਗਨ ਭੇਟ ਗੋਬਿੰਦ ਰਾਏ ਜੀ ਨੇ ਕੀਤਾ। ਗੋਬਿੰਦ ਰਾਏ ਜੀ ਅੱਖਾਂ ਮੀਟੀ ਖੜ੍ਹੇ ਹਨ, ਚੁੱਪ ਹਨ। ਮਾਤਾ ਗੁਜਰੀ ਜੀ ਕੋਲ ਆਏ, " ਪੁੱਤਰ ਤੂੰ ਪਿਤਾ ਜੀ ਨੂੰ ਆਪ ਕਿਹਾ ਸੀ"-

ਇਬਾਦਤ ਹੈ ਦੁਖੀਓਂ ਕੀ ਇਮਦਾਦ ਕਰਨਾ,
ਜੋ ਨਾਸ਼ਾਦ ਹੋ ਉਨਕਾ ਦਿਲ ਸ਼ਾਦ ਕਰਨਾ।
ਇਬਾਦਤ ਖੁਦਾ ਕੀ ਉਹ ਪੂਜਾ ਯਹੀ ਹੈ, ਜੋ ਬਰਬਾਦ ਹੋਂ ਉਨਕੋ ਆਬਾਦ ਕਰਨਾ।

ਕਲਗ਼ੀਧਰ ਪਾਤਸ਼ਾਹ ਜੀ ਨੇ ਗਰਜਵੀਂ ਆਵਾਜ਼ ਨਾਲ ਆਖਿਆ ਭਾਈ ਜੈਤਾ ਜੀ ਤੂੰ ਰੰਘਰੇਟਾ ਗੁਰੂ ਕਾ ਬੇਟਾ ਹੈਂ, ਤੂੰ ਮਹਾਨ ਕੰਮ ਕੀਤਾ ਹੈ, ਆਫਰੀਨ ਹੈ ਜੈਤਾ ਜੀ-

ਧਰ ਲੂੰਗਾ ਅਬ ਏਕ, ਏਕ ਕੋ ਸ਼ਮਸ਼ੀਰ ਕੇ ਆਗੇ।
ਰੱਖ ਦੂੰਗਾ ਸੀਨਾ ਵ ਜਿਗਰ ਚੀਰ ਕੇ ਆਗੇ।

ਦੁਨੀਆਂ ਤੋ ਝੁਕੀ ਫਿਰਤੀ ਹੈ ਤਕਦੀਰ ਕੇ ਆਗੇ,
ਯੇਹ ਤਕਦੀਰ ਭੀ ਝੁਕ ਜਾਏਗੀ ਮੇਰੀ ਸ਼ਮਸ਼ੀਰ ਕੇ ਆਗੇ ।

ਜੈਤਾ ਜੀ ਦੀ ਨੁਹਾਰ ਵੇਖਕੇ ਕਿਸੇ ਬਹਾਦਰ ਜੋਧੇ ਦਾ ਅਨੁਮਾਨ ਲਾਇਆ ਜਾ ਸਕਦਾ ਸੀ । ਇਹ ਗੋਬਿੰਦ ਰਾਏ ਨਾਲ ਪਟਨੇ ਖੇਡਦੇ ਰਹੇ । ਇਨ੍ਹਾਂ ਦੇ ਇੱਕ ਭਰਾ ਭਾਈ ਸੰਗਤ ਸਿੰਘ ਜੀ ਸਨ, ਜਿਨ੍ਹਾਂ ਨੇ ਬਹਾਦਰੀ ਨਾਲ ਕਈ ਮੱਲਾਂ ਮਾਰੀਆਂ । ਇਹ ਭਾਈ ਸੰਗਤ ਸਿੰਘ ਜੀ ਹੀ ਸਨ, ਜਿਨ੍ਹਾਂ ਨੂੰ ਚਮਕੌਰ ਦੀ ਗੜ੍ਹੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਪੁਸ਼ਾਕ ਤੇ ਜਿਗ੍ਹਾ-ਕਲਗੀ ਦੀ ਬਖਸ਼ਿਸ਼ ਕੀਤੀ, ਉਹ ਜੀਵਨ ਸਿੰਘ ਦੇ ਭਰਾ ਸਨ । ਸੰਗਤ ਸਿੰਘ ਨੇ ਬਹਾਦਰੀ ਨਾਲ, ਜਵਾਂ-ਮਰਦੀ ਨਾਲ ਤਲਵਾਰ ਦੇ ਜੌਹਰ ਵਿਖਾਏ ਤੇ ਸ਼ਹਾਦਤ ਦੇ ਜਾਮ ਪੀਤੇ । ਜਿੰਨਾ ਵੀ ਮਾਣ ਇਨ੍ਹਾਂ ਸ਼ਹਾਦਤਾਂ ਬਾਰੇ ਕੀਤਾ ਜਾਵੇ ਥੋੜ੍ਹਾ ਹੈ । ਬਾਬਾ ਸੰਗਤ ਸਿੰਘ ਜੀ ਕੌਮ ਲਈ ਬਾਇਸੇ-ਫਖ਼ਰ ਸਨ । ਜੈਤਾ ਜੀ ਨੇ ਆਨੰਦਪੁਰ ਸਾਹਿਬ ਜਾ ਕੇ ਸੇਵਾ ਕੀਤੀ ਤੇ ਅੰਮ੍ਰਿਤ ਪਾਨ ਵੀ ਕੀਤਾ । ਪਹਿਲੀ ਲੜਾਈ ਭੰਗਾਣੀ ਵਿੱਚ ਗੁਰੂ ਜੀ ਦੇ ਨਾਲ ਜਾ ਕੇ ਬਹਾਦਰੀ ਨਾਲ ਲੜੀ, ਜਿੱਤ ਕੇ ਆਏ ਤੇ ਇਨ੍ਹਾਂ ਦੀ ਮਾਤਾ ਪ੍ਰੇਮੋ ਨੇ ਬੇਨਤੀ ਕੀਤੀ, ਕਲਗੀਧਰ ਪਾਤਸ਼ਾਹ ਹੁਣ ਮੇਰੇ ਪੁੱਤਰ ਜੈਤੇ (ਜੀਵਨ ਸਿੰਘ) ਦਾ ਵਿਆਹ ਰਚਾ ਦਿਉ । ਉਸੇ ਵੇਲੇ ਕਲਗੀਧਰ ਪਾਤਸ਼ਾਹ ਜੀ ਨੇ ਸੰਗਤਾਂ ਨੂੰ ਕਿਹਾ । ਗੁਰੂ ਕੀ ਸੰਗਤ, ਕੋਈ ਸਿੱਖ ਜੀਵਨ ਸਿੰਘ ਨੂੰ ਆਪਣੀ ਪੁੱਤਰੀ ਦਾ ਰਿਸ਼ਤਾ ਕਰੇ । ਉਠੋ ਕੋਈ ਜਿਹੜਾ (ਜੈਤੇ) ਜੀਵਨ ਸਿੰਘ ਨੂੰ ਆਪਣੀ ਧੀ ਦਾ ਰਿਸ਼ਤਾ ਕਰੇ । ਤਦ ਇੱਕ ਸਿੱਖ ਭਾਈ ਖਜ਼ਾਨ ਸਿੰਘ (ਰਿਆੜ) ਉਠਿਆ । ਹੱਥ ਬੰਨ੍ਹ ਕੇ ਕਹਿਣ ਲੱਗਾ, ਗੁਰੂ ਜੀ ਮੇਰੀ ਲੜਕੀ ਦਾ ਨਾਉਂ ਰਾਜ ਕੁਮਾਰੀ ਹੈ । ਮੈਂ ਇਹ ਸਾਕ ਜੀਵਨ ਸਿੰਘ ਨੂੰ ਕਰਦਾ ਹਾਂ । ਆਨੰਦਪੁਰ ਸਾਹਿਬ ਹੀ ਵਿਆਹ ਹੋਇਆ । ਸੰਗਤਾਂ ਨੇ ਪ੍ਰੇਮੋ ਦੇ ਪਰਵਾਰ ਨੂੰ ਵਧਾਈਆਂ ਦਿੱਤੀਆਂ ।

ਨਦੌਣ ਦੇ ਜੰਗ ਵਿੱਚ ਜੈਤਾ ਜੀ ਨੇ ਯੋਗਦਾਨ ਪਾਇਆ । ਅਲਫ਼ ਖ਼ਾਂ 'ਤੇ ਜਿੱਤ ਪ੍ਰਾਪਤ ਕੀਤੀ। ਦਿਲਾਵਰ ਖ਼ਾਂ ਨੂੰ ਵੀ ਵੀਰਤਾ ਦੇ ਜੌਹਰ ਦਿਖਾ ਕੇ ਭਾਂਜ ਦਿੱਤੀ । ਹੁਸੈਨੀ ਦੇ ਜੰਗ ਵਿੱਚ ਵੀ ਭਾਈ ਜੀਵਨ ਸਿੰਘ ਮਰਦਾਂ ਵਾਂਗ ਲੜਿਆ, ਪਹਾੜੀ ਰਾਜਿਆਂ ਨਾਲ ਵੀ ਲੋਹਾ ਲਿਆ । ਨਿਰਮੋਹੀ ਦਾ ਜੰਗ ਵੀ ਜੀਵਨ ਸਿੰਘ ਨੇ ਜਿੱਤਿਆ । ਗੁਰੂ ਜੀ ਦੀਆਂ ਅਸੀਸਾਂ ਨਾਲ ਬੰਸਾਲੀ ਦੀ ਜੰਗ 1702 ਅਕਤੂਬਰ ਮਹੀਨੇ ਜਿੱਤੀ । ਅਕਤੂਬਰ 1700 ਆਨੰਦਪੁਰ ਸਾਹਿਬ ਦੀ ਜੰਗ ਵਿੱਚ ਭਾਈ ਦਿਆ ਸਿੰਘ ਤੇ ਜੀਵਨ ਸਿੰਘ ਜੀ ਨੇ ਦੁਸ਼ਮਣ ਦਲ ਨੂੰ ਭਾਜੜਾਂ ਪਾਈਆਂ । ਆਨੰਦਪੁਰ ਦੀ ਤੀਜੀ ਜੰਗ ਵਿੱਚ ਵੀ ਭਾਈ ਜੀਵਨ ਸਿੰਘ ਜੀ ਨੇ ਤਲਵਾਰਾਂ ਦੇ ਜੌਹਰ ਵਿਖਾਏ । ਆਨੰਦਪੁਰ ਸਾਹਿਬ ਦੀ ਚੌਥੀ ਲੜਾਈ ਵਿੱਚ ਸਿੰਘ ਸੂਰਮਿਆਂ ਨਾਲ ਬਾਬਾ ਅਜੀਤ ਸਿੰਘ ਤੇ ਭਾਈ ਜੀਵਨ ਸਿੰਘ ਜੀ ਨੇ ਕਮਾਲ ਕਰ ਦਿੱਤੀ । ਦੁਸ਼ਮਣ ਦੇ ਭੈੜੇ ਮਨਸੂਬਿਆਂ 'ਤੇ ਪਾਣੀ ਫੇਰਿਆ । ਸਰਸਾ ਕੰਢੇ ਦੀ ਲੜਾਈ ਸਮੇਂ ਭਾਈ ਜੀਵਨ ਸਿੰਘ ਜੀ ਨੇ ਬਹੁਤ ਘਾਲਣਾ ਘਾਲੀ । ਤਕਰੀਬਨ ਸਾਰੀਆਂ ਲੜਾਈਆਂ 'ਚ ਮੂਹਰਲੀਆਂ ਕਤਾਰਾਂ ਵਿੱਚ ਰਹਿ ਕੇ ਅੰਮ੍ਰਿਤ ਦੀ ਸ਼ਕਤੀ ਦਾ ਇਜ਼ਹਾਰ ਕੀਤਾ, ਜਿੱਤਾਂ ਪ੍ਰਾਪਤ ਕੀਤੀਆਂ । ਚਮਕੌਰ ਸਾਹਿਬ ਦੀ ਅਲੌਕਿਕ ਲੜਾਈ ਸਮੇਂ ਬਹਾਦਰੀ ਨਾਲ ਲੜਦਿਆਂ ਸ਼ਹਾਦਤ ਦੇ ਜਾਮ ਪੀਤੇ । ਇਸ ਸੀ ਭਾਈ ਜੀਵਨ ਸਿੰਘ 'ਰੰਘਰੇਟਾ, ਗੁਰੂ ਕਾ ਬੇਟਾ 'ਅਖਵਾਉਣ ਵਾਲਾ ਸਿੱਖ ਇਤਿਹਾਸ ਦਾ ਨਾਮਵਰ ਯੋਧਾ ।

# ਮਾਤਾ ਸਾਹਿਬ ਕੌਰ ਜੀ

-ਸ. ਜਸਬੀਰ ਸਿੰਘ, 1236, ਸੈਕ.-ਬੀ ਚੰਡੀਗੜ੍ਹ ।

ਮਾਤਾ ਸਾਹਿਬ ਕੌਰ ਜੀ ਦਾ ਜੀਵਨ ਇਕ ਆਦਰਸ਼ਕ ਮਾਤਾ ਦਾ ਅਦਭੁਤ ਪ੍ਰਤੀਕ ਹੈ । ਉਹ ਨਾ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਧਰਮ ਪਤਨੀ ਸਨ ਸਗੋਂ ਖੰਡੇ ਦੀ ਧਾਰ ਤੇ ਸਾਜੇ ਖਾਲਸਾ ਪੰਥ ਦੀ ਕਰਮਸ਼ੀਲ ਮਾਤਾ ਜੀ ਵੀ ਹਨ । ਉਨ੍ਹਾਂ ਆਪਣੇ ਮਾਤਾ ਪਿਤਾ ਜੀ ਦੇ ਸੰਕਲਪ ਅਤੇ ਪਤੀ ਦੇ ਪ੍ਰਣ ਨੂੰ ਅੰਤਮ ਸਵਾਸਾਂ ਤਕ ਨਿਭਾਹੁਣ ਲਈ, ਸੰਜਮ ਭਰਿਆ ਸੱਚਾ ਤੇ ਸੁੱਚਾ ਜੀਵਨ ਬਤੀਤ ਕਰਕੇ, ਨਾਰੀ ਸਮਾਜ ਦਾ ਨਾਂ ਉੱਚਾ ਕੀਤਾ ।

ਗੁਰਦੇਵ ਜੀ ਨੇ ਅੰਤਿਮ ਵਿਦਾਇਗੀ ਸਮੇਂ ਉਨ੍ਹਾਂ ਨੂੰ ਅਧਿਕਾਰ ਮੋਹਰ ਬਖ਼ਸ਼ੀ ਅਤੇ ਉਨ੍ਹਾਂ ਲੱਗਭੱਗ 36 ਸਾਲ ਆਪਣੇ ਪਿਆਰੇ ਖਾਲਸਾ ਪੁੱਤਰ ਦੀ ਸਰਪ੍ਰਸਤੀ ਅਤੇ ਅਗਵਾਈ ਕੀਤੀ । ਉਨ੍ਹਾਂ ਆਪਣਾ ਸਾਰਾ ਜੀਵਨ ਬਾਣੀ ਪੜ੍ਹਦਿਆਂ, ਸੰਗਤ ਦੀ ਸੇਵਾ ਕਰਦਿਆਂ ਅਤੇ ਪਤੀ ਦੇ ਦਰਸ਼ਨ ਕਰਦਿਆਂ ਹੀ ਬਿਤਾਇਆ । ਕਿਹਾ ਜਾਂਦਾ ਹੈ ਕਿ ਉਹ ਗੁਰੂ ਜੀ ਦੇ ਦਰਸ਼ਨ ਕਰਨ ਤੋਂ ਬਿਨਾਂ ਅੰਨ-ਪਾਣੀ ਨਹੀਂ ਸਨ ਛਕਦੇ । ਇਤਿਹਾਸ ਅਨੁਸਾਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਅੰਤਮ ਸਮੇਂ ਮਾਤਾ ਜੀ ਨੂੰ ਨੰਦੇੜ ਤੋਂ ਦਿੱਲੀ ਵਾਪਸ ਪਰਤਣ ਦਾ ਹੁਕਮ ਦਿੱਤਾ ਤਾਂ ਉਨ੍ਹਾਂ ਦੀ ਪਰੇਸ਼ਾਨੀ ਨੂੰ ਵੇਖ ਕੇ ਗੁਰੂ ਜੀ ਨੇ ਉਨ੍ਹਾਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਪੰਜ ਸ਼ਸਤਰ, ਸੌਂਪਦਿਆਂ ਕਿਹਾ ਕਿ ਇਨ੍ਹਾਂ ਸ਼ਸਤਰਾਂ ਦੇ ਦਰਸ਼ਨ ਹੀ ਸਾਡਾ ਦਰਸ਼ਨ ਹੋਵੇਗਾ । ਪਤੀ ਦੇ ਹੁਕਮਾਂ ਅੱਗੇ ਸਿਰ ਝੁਕਾਉਂਦਿਆਂ, ਦਿੱਲੀ ਪਹੁੰਚਕੇ ਉਨ੍ਹਾਂ ਵਿਛੋੜੇ ਦਾ ਰਹਿੰਦਾ ਜੀਵਨ, ਇਨ੍ਹਾਂ ਸ਼ਸਤਰਾਂ ਦੇ ਦਰਸ਼ਨ ਅਤੇ ਲੰਗਰ ਦੀ ਸੇਵਾ ਵਿੱਚ ਬਤੀਤ ਕੀਤਾ ।

ਮਾਤਾ ਜੀ ਦਾ ਜਨਮ 1738 ਬਿਕਰਮੀ ਭਾਵ 1671 ਈ. ਵਿੱਚ ਪਿਤਾ ਭਾਈ ਰਾਮੂ, ਮਾਤਾ ਜਸਦੇਵੀ ਦੀ ਪਵਿੱਤਰ ਕੁੱਖ ਤੋਂ ਪਿੰਡ ਰੋਹਤਾਸ ਨਗਰ ਜੋ ਜਿਲਾ ਜਿਹਲਮ (ਹੁਣ ਪਾਕਿਸਤਾਨ) ਵਿੱਚ ਹੈ, ਹੋਇਆ ਅਤੇ ਬੱਚੀ ਦਾ ਨਾਂ ਰੱਖਣ ਸਮੇਂ, ਜੋ ਇਤਿਹਾਸ ਅਨੁਸਾਰ, ਸਾਹਿਬ ਦੇਵੀ ਸੰਗਤ ਵਿੱਚ ਹੀ ਰੱਖਿਆ ਗਿਆ, ਉਨ੍ਹਾਂ ਦੇ ਪਿਤਾ ਭਾਈ ਰਾਮੂ ਜੀ ਨੇ ਸੰਗਤ ਵਿੱਚ ਸੰਕਲਪ ਕੀਤਾ ਕਿ ਬੱਚੀ ਦਾ ਡੋਲਾ ਗੁਰੂ ਜੀ ਦੇ ਭੇਟਾ ਹੋਵੇਗਾ ਅਤੇ ਉਸੇ ਦਿਨ ਤੋਂ ਹੀ ਸੰਗਤਾਂ ਉਨ੍ਹਾਂ ਨੂੰ ਮਾਤਾ ਜੀ ਕਰਕੇ ਹੀ ਸੰਬੋਧਨ ਕਰਨ ਲਗ ਪਈਆਂ । ਮਾਤਾ ਜੀ ਬਚਪਨ ਤੋਂ ਅਤਿਅੰਤ ਸੁੰਦਰ ਅਤੇ ਸਰਬ ਗੁਣ ਭਰਪੂਰ, ਮਿਠਬੋਲੇ, ਨਿਮਰਤਾ ਦੇ ਪੁੰਜ ਅਤੇ ਸਬਰ ਸੰਤੋਖ ਦੀ ਸੂਰਤ ਸਨ । ਉਹ ਬਹੁਤ ਘਟ ਬੋਲਦੇ ਸਨ । ਉਨ੍ਹਾਂ ਤੋਂ ਪਾਠ ਸੁਣ ਕੇ ਸਰੋਤੇ ਝੂਮ ਉਠਦੇ ਸਨ ।

ਇਤਿਹਾਸ ਵਿੱਚ ਮਾਤਾ ਜੀ, ''ਕੁਆਰਾ ਡੋਲਾ'' ਕਰ ਕੇ ਵੀ ਜਾਣਿਆ ਜਾਂਦਾ ਹੈ । ਮਾਤਾ ਜੀ ਦੀ ਉਮਰ ਜਦੋਂ 17 ਸਾਲ ਤੋਂ ਟੱਪੀ ਤਾਂ ਭਾਈ ਰਾਮ ਨੂੰ ਆਪਣਾ ਸੰਕਲਪ ਯਾਦ ਆਇਆ ਪ੍ਰੰਤੂ ਅਪਣੀ ਹੈਸੀਅਤ ਅਤੇ ਗੁਰੂ ਜੀ ਦੀ ਉੱਚਤਾ ਨੂੰ ਮੁੱਖ ਰੱਖ ਕੇ ਝਿਝਕ ਵਿੱਚ ਪੈ ਗਏ ਨਾਲੇ ਉਸ ਸਮੇਂ ਗੁਰੂ ਜੀ ਦਾ ਵਿਵਾਹ ਵੀ ਹੋ ਚੁਕਿਆ ਸੀ । ਮਾਤਾ ਜੀ ਨੇ ਦਿਲੋਂ ਮਨੋਂ ਗੁਰੂ ਜੀ ਨੂੰ ਸੌਂਪਿਆ ਮਨ ਜਦੋਂ ਆਪਣੇ ਪਿਤਾ ਜੀ ਨੂੰ ਅਤੇ ਸੰਗਤ ਨੂੰ ਦੱਸਿਆ ਤਾਂ ਪੋਠੋਹਾਰ ਦੀ ਸੰਗਤ ਆਪ ਮਾਤਾ ਜੀ ਦਾ ਡੋਲਾ ਲੈ ਕੇ ਅਨੰਦਪੁਰ ਪੁੱਜੀ । ਸੰਗਤ ਨੂੰ ਜਦੋਂ ਗੁਰੂ ਜੀ ਨੇ ਦੱਸਿਆ ਕਿ ਅੰਮ੍ਰਿਤ ਛਕਣ ਉਪ੍ਰੰਤ ਉਨ੍ਹਾਂ ਨੇ ਬ੍ਰਹਮਚਰਜ ਧਾਰਨ ਕਰ ਲਿਆ ਹੈ ਤਾਂ ਸੰਗਤ ਨਿਰਾਸ਼ ਹੋ ਗਈ । ਉਨ੍ਹਾਂ ਸਾਰੀ ਵਾਰਤਾ ਅਤੇ ਸੰਗਤ ਦੀ ਅਰਦਾਸ ਸਬੰਧੀ ਗੁਰੂ ਜੀ ਦੇ ਮੁੱਖੀ ਭਾਈ ਧੰਨਾ ਸਿੰਘ ਜੀ ਅਤੇ ਉਨ੍ਹਾਂ ਦੇ ਖਜਾਨਚੀ ਭਾਈ ਭਗਵਾਨ ਸਿੰਘ ਜੀ ਨੂੰ ਦੱਸਿਆ ਅਤੇ ਉਥੇ ਹੀ ਡੇਰੇ ਲਾਈ ਰੱਖੇ ਉਨ੍ਹਾਂ ਦੇ ਵਿੱਚ ਪੈਣ ਤੇ ਗੁਰੂ ਜੀ ਨੇ ਮੰਨ ਲਿਆ ਕਿ ਉਨ੍ਹਾਂ ਦਾ

ਬ੍ਰਹਮਚਰਜ ਕਾਇਮ ਰਹੇਗਾ। ਪਰ ਮਾਤਾ ਜੀ ਕੁਆਰੇ ਡੋਲੇ ਦੇ ਰੂਪ ਵਿੱਚ ਮਹਿਲਾਂ ਵਿੱਚ ਰਹਿ ਸਕਦੇ ਹਨ। ਮਾਤਾ ਜੀ ਨੇ ਇਸ ਰੂਪ ਵਿੱਚ ਗੁਰੂ ਜੀ ਦੀ ਸੇਵਾ ਪ੍ਰਵਾਨ ਕੀਤੀ।

ਪਹਿਲੀ ਵਿਸਾਖ 1699 ਈ. ਨੂੰ ਜਦੋਂ ਗੁਰੂ ਸਾਹਿਬ ਜੀ ਨੇ ਭਾਰੀ ਇਕੱਠ ਵਿੱਚ ਪੰਥ ਖਾਲਸੇ ਦੀ ਸਥਾਪਨਾ, ਖੰਡੇ ਦੀ ਧਾਰ ਤੋਂ ਕੀਤੀ ਤਾਂ ਉਸ ਸਮੇਂ ਤਕ ਅਜੇ ਮਾਤਾ ਸਾਹਿਬ ਕੌਰ ਜੀ ਅਨੰਦਪੁਰ ਸਾਹਿਬ ਨਹੀਂ ਸੀ ਆਏ। ਇਕ ਸਮੇਂ ਜਦੋਂ ਮਾਤਾ ਜੀ ਦੇ ਮਨ ਵਿੱਚ ਪੁੱਤਰ ਦੀ ਇੱਛਾ ਪ੍ਰਗਟਾਈ ਤਾਂ ਜਾਣੀ ਜਾਣ ਗੁਰੂ ਜੀ ਉਨ੍ਹਾਂ ਦੀ ਇੱਛਾ ਜਾਣਦਿਆ ਹੋਇਆਂ ਆਪਣਾ ਧਰਮ ਪੁੱਤਰ ਖਾਲਸਾ ਮਾਤਾ ਜੀ ਦੀ ਝੋਲੀ ਵਿੱਚ ਪਾਉਦਿਆਂ ਹੋਇਆਂ ਕਿਹਾ ਕਿ ਸੰਸਾਰਕ ਤੰਦ ਕਚੀ ਹੁੰਦੀ ਹੈ ਮੈਂ ਤੈਨੂੰ ਉਹ ਪੁੱਤਰ (ਭਾਵ ਖਾਲਸਾ) ਬਖਸ਼ ਰਿਹਾ ਹਾਂ ਜੋ ਸਦਾ ਅਮਰ ਰਹੇਗਾ ਅਤੇ ਤੇਰਾ ਨਾਂ ਵੀ ਅਟੱਲ ਰਹੇਗਾ। ਇਹ ਹੀ ਰਾਏ ਭਾਈ ਵੀਰ ਸਿੰਘ ਅਤੇ ਅਜਿਹੇ ਉੱਚ ਲੇਖਕਾਂ ਦੀ ਹੈ। ਉਦੋਂ ਤੋਂ ਹੁਣ ਤੱਕ ਮਰਯਾਦਾ ਚਲ ਰਹੀ ਹੈ ਕਿ ਅੰਮ੍ਰਿਤ ਛਕਣ ਵੇਲੇ ਜਦੋਂ ਸਿੱਖ ਨੂੰ ਖਾਲਸਾ ਰੂਪ ਦਿੱਤਾ ਜਾਂਦਾ ਹੈ ਤਾਂ ਇਹ ਦ੍ਰਿੜਾਇਆ ਜਾਂਦਾ ਹੈ ਕਿ ਅਜ ਤੋਂ ਤੁਹਾਡੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੇ ਤੇ ਮਾਤਾ ਜੀ, ਮਾਤਾ ਸਾਹਿਬ ਕੌਰ ਜੀ ਹਨ।

ਅਨੰਦਪੁਰ ਸਾਹਿਬ ਛੱਡਣ ਸਮੇਂ ਮਾਤਾ ਸਾਹਿਬ ਕੌਰ ਜੀ ਅਤੇ ਮਾਤਾ ਸੁੰਦਰ ਕੌਰ ਜੀ ਭਾਈ ਧੰਨਾ ਸਿੰਘ ਅਤੇ ਭਾਈ ਜਵਾਹਰ ਸਿੰਘ ਦੀ ਸਹਾਇਤਾ ਨਾਲ, ਰੋਪੜ ਪਹੁੰਚੇ। ਉਸ ਪਿੱਛੋਂ ਬਹੁਤਾ ਸਮਾਂ ਭਾਈ ਮਨੀ ਸਿੰਘ ਨਾਲ ਦੋਹਾਂ ਮਾਤਾਵਾਂ ਨੇ ਸ੍ਰੀ ਦਮਦਮਾ ਸਾਹਿਬ ਬਿਤਾਇਆ ਤੇ ਮੁੜ ਜਦੋਂ ਗੁਰੂ ਜੀ ਦੱਖਣ ਵੱਲ ਰਵਾਨਾ ਹੋਏ ਤਾਂ ਦੋਵੇਂ ਮਾਤਾਵਾਂ ਨੂੰ ਮੁੜ ਦਿੱਲੀ ਭੇਜ ਦਿੱਤਾ ਗਿਆ। ਛੇਤੀ ਹੀ ਗੁਰੂ ਜੀ ਨੇ ਦੱਖਣ ਜਾਣ ਦੀ ਤਿਆਰੀ ਕਰ ਲਈ ਜੋ ਸੁਣ ਕੇ ਮਾਤਾ ਸਾਹਿਬ ਕੌਰ ਜੀ ਦਾ ਧੀਰਜ ਟੁਟ ਗਿਆ ਅਤੇ ਮਾਤਾ ਜੀ ਦੀ ਚਰਨ ਸ਼ਰਨ ਵਿੱਚ ਰਹਿਣ ਦੀ ਜੋਦੜੀ ਮਨਜੂਰ ਕਰਕੇ ਉਨ੍ਹਾਂ ਨੂੰ ਗੁਰੂ ਜੀ ਨੇ ਨਾਲ ਲੈ ਜਾਣਾ ਮੰਨ ਲਿਆ।

ਮਾਤਾ ਜੀ ਨੇ ਨੰਦੇੜ ਰਹਿ ਕੇ ਸੰਗਤਾਂ ਦੀ ਬਹੁਤ ਸਮਾਂ ਸੇਵਾ ਕੀਤੀ ਗੁਰੂ ਸਾਹਿਬ ਨੇ ਆਪਣਾ ਅੰਤਮ ਸਮਾਂ ਨੇੜੇ ਆਉਂਦਾ ਜਾਣ ਕੇ ਮਾਤਾ ਜੀ ਨੂੰ ਦਿੱਲੀ ਭੇਜ ਦਿੱਤਾ ਅਤੇ ਉਨ੍ਹਾਂ ਨੂੰ ਅਧਿਕਾਰ ਮੋਹਰ ਵੀ ਦਿੱਤੀ ਅਤੇ ਹੁਕਮ ਕੀਤਾ ਕਿ ਇਸ ਮੋਹਰ ਦਵਾਰਾ ਉਹ ਆਪਣੇ ਧਰਮ ਪੁੱਤਰ-ਪੰਥ ਖਾਲਸੇ ਨਾਲ ਵਿਹਾਰ ਕਰ ਸਕਣਗੇ। ਇਸ ਅਧਿਕਾਰ ਮੋਹਰ ਦਵਾਰਾ ਮਾਤਾ ਜੀ ਨੇ ਕਈ ਹੁਕਮਨਾਮੇ ਜਾਰੀ ਕੀਤੇ।

ਦਿੱਲੀ ਪਹੁੰਚ ਕੇ ਮਾਤਾ ਸਾਹਿਬ ਕੌਰ ਜੀ, ਮਾਤਾ ਸੁੰਦਰ ਕੌਰ ਜੀ ਪਾਸ ਹੀ ਰਹੇ ਆਮ ਤੌਰ ਤੇ ਉਹ ਅਕਾਲ ਪੁਰਖ ਨਾਲ ਲਿਵ ਜੋੜੀ ਰੱਖਦੇ ਅਤੇ ਸ਼ਸਤਰਾਂ ਦੇ ਪਲੰਘ ਪਾਸ ਬੈਠ ਕੇ ਗੁਰੂ ਜੀ ਦੇ ਚਰਨਾਂ ਦਾ ਧਿਆਨ ਜਾਰੀ ਰੱਖਦੇ। ਉਥੇ ਹੀ ਉਨ੍ਹਾਂ ਨੂੰ ਗੁਰੂ ਜੀ ਦੇ ਅਕਾਲ ਚਲਾਣੇ ਦੀ ਖਬਰ ਮਿਲੀ। ਹੁਣ ਤਾਂ ਉਹ ਪੂਰਨ ਤੌਰ ਤੇ ਅਲਪ ਅਹਾਰ ਤੇ ਸੁਲਪ ਸੀ ਨਿੰਦਰਾਂ ਦੇ ਧਾਰਨੀ ਹੋ ਗਏ ਅਤੇ ਸਾਰਾ ਸਮਾਂ ਸਿਮਰਨ ਤੇ ਭਗਤੀ ਵਿੱਚ ਲੀਨ ਰਹਿੰਦੇ।

1804 ਬਿਕਰਮੀ (ਨਵੰਬਰ 1747 ਈ.) ਮਾਤਾ ਜੀ ਨਿਤ ਦੀ ਕਿਰਿਆ ਅਨੁਸਾਰ ਅੰਮ੍ਰਿਤ ਵੇਲੇ ਉਠੇ, ਇਸ਼ਨਾਨ ਆਦਿ ਪਿਛੋਂ ਗੁਰੂ ਜੀ ਦੇ ਸੌਂਪੇ ਸ਼ਸਤਰਾਂ ਪਾਸ ਹੀ ਚਾਦਰ ਨਾਲ ਮੂੰਹ ਢੱਕ ਕੇ ਸਦਾ ਲਈ ਗੁਰ ਚਰਨਾਂ ਵਿੱਚ ਜਾ ਬਿਰਾਜੇ।

ਇਸ ਤਰ੍ਹਾਂ ਮਾਤਾ ਜੀ ਸੰਸਾਰ ਵਿੱਚ ਕੁਲ 66 ਸਾਲ ਵਿਚਰੇ ਜਿਨ੍ਹਾਂ ਵਿੱਚੋਂ 7 ਸਾਲ ਤੇ ਕੁੱਝ ਮਹੀਨੇ ਗੁਰੂ ਪਤੀ ਨਾਲ ਰਹੇ ਅਤੇ 38 ਵਰ੍ਹੇ ਉਨ੍ਹਾਂ ਸ਼ਸਤਰਾਂ ਦੀ ਸੇਵਾ ਕਰਦਿਆਂ ਹੋਇਆ ਤਪ ਸਾਧਤ ਗੁਜ਼ਾਰੇ ਅਤੇ ਪੰਥ ਖਾਲਸਾ ਦੀ ਸੇਵਾ ਕੀਤੀ।

# ਊਚ ਤੇ ਊਚ ਨਾਮਦੇਊ ਸਮਦਰਸੀ

-ਤੇਜਾ ਸਿੰਘ ਤਿਲਕ

ਪ੍ਰੋ: ਦੇਸਪਾਂਡੇ ਦੇ ਵਿਚਾਰ ਅਨੁਸਾਰ ਸਾਰੇ ਉੱਤਰੀ ਭਾਰਤ ਵਿੱਚ ਧਾਰਮਿਕ-ਸੰਸਕ੍ਰਿਤਿਕ ਚੇਤਨਾ ਲਹਿਰ ਦੇ ਮੋਢੀ, ਨਿਰਗੁਣ ਧਾਰਾ ਦੇ ਪ੍ਰਚਾਰਕ, ਮਹਾਂਰਾਸ਼ਟਰ ਅਤੇ ਪੰਜਾਬ ਦੇ ਮਰਾਠੀ, ਹਿੰਦੀ ਅਤੇ ਪੰਜਾਬੀ ਸਾਹਿਤ ਦੇ ਚਮਕਦੇ ਸਿਤਾਰੇ ਸੰਤ ਨਾਮਦੇਵ ਜੀ ਹੀ ਮੰਨੇ ਗਏ ਹਨ । ਸੰਤ ਗਿਆਨੇਸ਼ਵਰ ਦੇ ਸਮਕਾਲੀ ਵਿਸੋਬਾਖੇਚਰ ਦੇ ਸ਼ਿਸ਼ ਭਗਤ ਤ੍ਰਿਲੋਚਨ ਦੇ ਰਹਿਨੁਮਾ ਅਤੇ ਸੰਤ ਕਬੀਰ ਦੇ ਗੁਰਭਾਈ ਨਾਮਦੇਵ ਦਾ ਜਨਮ ਐਤਵਾਰ ਵਾਲੇ ਦਿਨ ਕਾਰਤਿਕ ਸ਼ੁਕਲ ਇਕਾਦਸ਼ੀ ਨੂੰ 1192 ਸੰਮਤ ਮੁਤਾਬਿਕ 26 ਅਕਤੂਬਰ 1270 ਈ: ਨੂੰ ਪਿੰਡ ਨਰਸੀ ਬਾਹਮਣੀ (ਮਹਾਂਰਾਸ਼ਟਰ) ਵਿਖੇ ਹੋਇਆ । ਬਾਅਦ ਵਿੱਚ ਆਪ ਪੰਡਰਪੁਰ ਚਲੇ ਗਏ । ਆਪ ਜੀ ਦੇ ਪਿਤਾ ਦਾਮਸ਼ੇਟ ਅਤੇ ਮਾਤਾ ਗੋਣਾਈ ਜੀ ਸਨ । ਕਿੱਤੇ ਵਜੋਂ, ਉਹ ਦਰਜ਼ੀ ਜਾਂ ਛੀਂਬਾ ਜ਼ਾਤ ਨਾਲ ਸੰਬੰਧ ਰੱਖਦੇ ਸਨ ।

ਆਪ ਜੀ ਦਾ ਵਿਆਹ ਬੀਬੀ ਰਾਜਾਈ ਨਾਲ ਹੋਇਆ ਆਪ ਦੇ ਚਾਰ ਪੁੱਤਰ ਨਾਰਾ, ਵਿਰਾ, ਗੋਂਦਾ, ਮਹਾਦਾ ਅਤੇ ਇਕ ਧੀ ਲਿੰਬਾਈ ਸੀ । ਇਨ੍ਹਾਂ ਦੀ ਇੱਕ ਭੈਣ ਆਊਬਾਈ ਸੀ ।

ਨਾਮਦੇਵ ਜੀ ਆਰੰਭ ਤੋਂ ਹੀ ਬੜੇ ਜ਼ਜ਼ਬਿਆਂ ਭਰਪੂਰ ਭਾਵੁਕ ਕਿਸਮ ਦੇ ਭਗਤ ਸਨ । ਕਹਿੰਦੇ ਹਨ ਕਿ ਅੱਠ ਵਰ੍ਹੇ ਦੀ ਆਯੂ ਵਿੱਚ ਆਪ ਜੀ ਨੇ ਹੱਠ ਕਰਕੇ ਬਿੱਠਲ ਭਗਵਾਨ ਨੂੰ ਦੁੱਧ ਪਿਲਾ ਦਿੱਤਾ ਸੀ । ਸੰਤ ਨਾਮਦੇਵ ਨੇ ਆਪਣੀ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਯਾਤਰਾਵਾਂ ਵੀ ਕੀਤੀਆਂ। ਅਖ਼ੀਰ 'ਤੇ ਉਹ ਪਿੰਡ ਘੁਮਾਣ (ਗੁਰਦਾਸਪੁਰ) ਪੰਜਾਬ ਵਿੱਚ ਆਕੇ ਪ੍ਰਭੂ ਵਿੱਚ ਲੀਨ ਹੋਏ ।

ਸੰਤ ਨਾਮਦੇਵ ਬਾਰੇ ਗੁਰੂ ਸਾਹਿਬਾਨ ਸ੍ਰੀ ਗੁਰੂ ਨਾਨਕ ਦੇਵ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ, ਭਗਤ ਕਬੀਰ ਜੀ ਅਤੇ ਭਗਤ ਧੰਨਾ ਜੀ ਨੇ ਬਹੁਤ ਹੀ ਸੁੰਦਰ ਸ਼ਬਦਾਂ ਵਿੱਚ ਉਨ੍ਹਾਂ ਦੀ ਉਚ ਪਾਏ ਦੀ ਭਗਤੀ ਭਾਵਨਾ ਦੀ ਪ੍ਰਸੰਸਾ ਕੀਤੀ ਹੈ। ਉਹ ਇੱਕੋ ਸਮੇਂ ਪੰਜਾਬ ਅਤੇ ਮਹਾਂਰਾਸ਼ਟਰ ਦੇ ਸ਼੍ਰੋਮਣੀ ਭਗਤ, ਕਵੀ ਮੰਨੇ ਜਾਂਦੇ ਹਨ । ਉਨ੍ਹਾਂ ਦੀ ਬਹੁਤ ਸਾਰੀ ਰਚਨਾ ਮਰਾਠੀ ਅਭੰਗਾਂ ਦੇ ਰੂਪ ਵਿੱਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੰਜਾਬੀ, ਹਿੰਦੀ, ਫ਼ਾਰਸੀ ਨੁਮਾ ਭਾਸ਼ਾ ਵਿੱਚ ਮਿਲਦੀ ਹੈ । ਉਨ੍ਹਾਂ ਦੇ ਭਾਸ਼ਾਈ ਤੱਤਾਂ ਤੋਂ ਪਲਟਾ ਖਾ ਕੇ ਕਈ ਵਿਦਵਾਨ ਉਨ੍ਹਾਂ ਨੂੰ ਇੱਕ ਤੋਂ ਵੱਧ ਭਗਤ ਨਾਮਦੇਵ ਹੋਣ ਦਾ ਚਰਚਾ ਛੇੜਦੇ ਹਨ ਜੋ ਕਿ ਤਰਕ ਸੰਗਤ ਨਹੀਂ ਹੈ ।

ਸਮੁੱਚੀ ਭਗਤੀ ਲਹਿਰ ਦੇ ਸੰਦਰਭ ਵਿੱਚ ਹੀ ਇਹ ਗੱਲ ਚਿੱਟੇ ਦਿਨ ਵਾਂਗ

ਸਾਫ਼ ਹੈ ਕਿ ਕੱਟੜ ਵਰਣ ਵਿਵਸਥਾ, ਪੱਕਾ ਰਾਜਸੀ ਤਾਣਾ-ਬਾਣਾ, ਉਚ-ਨੀਚ ਦੀ ਡੂੰਘੀ ਖਾਈ ਵਿੱਚ ਲਹਿਰ ਦੀ ਉਤਪਤੀ ਅਤੇ ਵਿਕਾਸ ਦਾ ਕਾਰਣ ਬਣੀ। ਭਗਤ ਨਾਮਦੇਵ ਜੀ ਇਸੇ ਕੜੀ ਵਿੱਚ ਆਉਂਦੇ ਮੋਤੀ ਹਨ। ਜਿਨ੍ਹਾਂ ਦੀ ਬਾਣੀ ਅਤੇ ਅਮਲੀ ਕਾਰਜ ਨੇ ਜ਼ੁਲਮ ਦੀ ਚੱਕੀ ਵਿੱਚ ਪਿਸ ਰਹੀ ਗਰੀਬ ਨਿਤਾਣੀ ਜਨਤਾ ਨੂੰ ਤਾਕਤ ਬਖਸ਼ੀ।

ਉਨ੍ਹਾਂ ਨੇ ਆਪਣੇ ਉਪਦੇਸ਼ ਲਈ ਭਾਰਤ ਦੇ ਪੌਰਾਣਿਕ ਭੰਡਾਰਾਂ ਦੇ ਨਾਇਕਾਂ ਨੂੰ ਉਦਾਹਰਣ ਵਜੋਂ ਵਰਤਿਆ। ਉਹ ਕਿੰਨਾ ਸੁੰਦਰ ਲਿਖਦੇ ਹਨ :

ਦੇਵਾ ਪਾਹਨ ਤਾਰੀਅਲੇ। ਰਾਮ ਕਹਤ ਜਨ ਕਸ ਨ ਤਰੇ ॥

ਹਿੰਦੀ ਅਤੇ ਮਰਾਠੀ ਵਿੱਚ ਉਨ੍ਹਾਂ ਦੇ ਨਾਂ 'ਤੇ ਢਾਈ-ਤਿੰਨ ਹਜ਼ਾਰ ਪਦ ਅਤੇ ਅਭੰਗ ਮਿਲਦੇ ਹਨ । ਜਿਨ੍ਹਾਂ ਦੀ ਪ੍ਰਮਾਣਿਕਤਾ ਅਤੇ ਖੋਜ ਦੀ ਮੁਥਾਜ ਹੈ ਪਰ ਪੰਜਾਬੀ ਵਿੱਚ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਪ ਦੇ ਸ਼ਾਮਿਲ 61 ਸ਼ਬਦ ਜੋ 18 ਰਾਗਾਂ ਵਿੱਚ ਦਰਜ ਹਨ। ਡਾ. ਰਾਮ ਕੁਮਾਰ ਵਰਮਾ ਦੇ ਸਬਦਾਂ ਵਿੱਚ ਇਹ ਸ਼ਬਦ ਕਿਸੇ ਵੀ ਸ਼ੰਕਾ ਤੋਂ ਬਿਨਾਂ ਸੰਤ ਨਾਮਦੇਵ ਦੀ ਮੌਲਿਕ ਰਚਨਾ ਹਨ। ਇਸੇ ਦੇ ਅਧਾਰ 'ਤੇ ਮਰਾਠੀ ਭਾਸ਼ਾਂ ਦੇ ਕੋਈ ਛੇ-ਸੱਤ ਕੁ ਸੌ ਅਭੰਗ ਪ੍ਰਮਾਣਿਕਤਾ ਦੀ ਕਸੌਟੀ 'ਤੇ ਖਰੇ ਉਤਰਦੇ ਹਨ। ਪੂਨਾ ਯੂਨੀਵਰਸਿਟੀ ਵਿੱਚ ਸਥਾਪਤ ਸੰਤ ਨਾਮਦੇਵ ਚੇਅਰ ਦੇ ਮੁਖੀ ਪ੍ਰੋ: ਅਸ਼ੋਕ ਕਾਮਤ ਨੇ ਇਸ ਦੀ ਪਛਾਣ ਕਰਨ ਦਾ ਕਾਫ਼ੀ ਖੋਜ ਭਰਪੂਰ ਯਤਨ ਕੀਤਾ ਹੈ। ਡਾ. ਭਗੀਰਥ ਮਿਸ਼ਰ ਦੀ 'ਸੰਤ ਨਾਮਦੇਵ ਕੀ ਹਿੰਦੀ ਪਦਾਵਲੀ' ਵੀ ਇਸੇ ਖੇਤਰ ਵਿੱਚ ਇਕ ਹੋਰ ਉੱਦਮ ਹੈ।

ਸਮੇਂ ਦੇ ਹਾਲਾਤ ਅਨੁਸਾਰ ਨਾਮਦੇਵ ਜੀ ਨੇ ਵੀ ਹੋਰ ਸੰਤਾਂ ਨਾਲ ਮਿਲਕੇ ਜਾਤ-ਪਾਤ ਦੇ ਵਿਤਕਰੇ ਵਿਰੁੱਧ ਆਵਾਜ਼ ਉਠਾਈ, ਕਰਮਕਾਂਡ ਦਾ ਖੁੱਲੇਆਮ ਵਿਰੋਧ ਕੀਤਾ ਅਤੇ ਮੂਰਤੀ ਪੂਜਾ ਵੱਲੋਂ ਹਟਾ ਕੇ ਇੱਕ ਪ੍ਰਭੂ ਦੀ ਭਗਤੀ ਵੱਲ ਪ੍ਰੇਰਿਆ। ਗੁਰੂ ਦੀ ਮਹੱਤਤਾ ਦੱਸੀ ਅਤੇ ਉਸ ਦੇ ਲੜ ਲੱਗ ਕੇ ਸਗਲ ਅੰਧਿਆਰਾ ਦੂਰ ਕਰਨ ਅਤੇ ਮਨ ਉੱਜਲਾ ਕਰਨ ਲਈ ਜ਼ੋਰ ਦਿੱਤਾ।

ਭਗਤ ਨਾਮਦੇਵ ਜੀ ਦੀ ਬਾਣੀ ਵਿੱਚ ਅਨੇਕਾਂ ਪੌਰਾਣਿਕ ਹਵਾਲਿਆਂ ਦੇ ਜ਼ਿਕਰ ਤੋਂ ਕਈ ਵਾਰ ਉਨ੍ਹਾਂ ਦੇ ਵਿਚਾਰਾਂ ਪ੍ਰਤੀ ਭਰਮ ਪੈਦਾ ਕਰ ਦਿੱਤਾ ਜਾਂਦਾ ਹੈ। ਪਰੰਤੂ ਉਨ੍ਹਾਂ ਦਾ 'ਰਾਮ' ਉਹ ਹੈ ਜੋ ਹਰ ਸਮੇਂ ਅਤੇ ਹਰ ਥਾਂ ਮੌਜੂਦ ਹੈ। 'ਸਭੈ ਘਟ ਰਾਮ ਬੋਲੈ' ਦੀ ਕਬੀਰ ਦੀ ਭਾਵਨਾ ਨਾਲ ਉਹ ਇਕ ਸੁਰ ਹਨ। 'ਬੀਠੁਲ' ਤੋਂ ਵੀ ਤਰ੍ਹਾਂ-ਤਰ੍ਹਾਂ ਦੇ ਸ਼ੰਕੇ ਅਤੇ ਬਖੇੜੇ ਖੜ੍ਹੇ ਕੀਤੇ ਜਾਂਦੇ ਹਨ ਪਰ ਉਨ੍ਹਾਂ ਦੇ ਬਚਨ ਸਪੱਸ਼ਟ ਹਨ :-

ਈਭੈ ਬੀਠਲੁ ਊਭੈ ਬੀਠਲ ਬਿਨੁ ਸੰਸਾਰੁ ਨਹੀਂ ॥

ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥4॥

ਨਾਮਦੇਵ ਜੀ ਦੇ 'ਬੀਠਲੁ' ਅਤੇ 'ਰਾਮਈਆ' ਇੱਕੋ ਹੀ ਪ੍ਰਭੂ ਹਨ। ਉਸੇ ਨੂੰ ਹੀ ਉਹ 'ਕੇਸ਼ਵ', 'ਗੋਬਿੰਦ', 'ਮਾਧੋ', 'ਹਰੀ' ਅਤੇ 'ਸਾਵਲੇ ਬਰਨਾ ਕਹਿਕੇ ਪੁਕਾਰਦੇ ਹਨ। ''ਦ੍ਰਾਰਿਕਾ ਨਗਰੀ ਕਾਹੇ ਕੇ ਮਗੋਲ'' ਕਹਿਣ ਵਾਲੇ ਭਗਤ ਨਾਮਦੇਵ ਦਾ ਮਾਲਕ ਪ੍ਰਭੂ ''ਚੰਦੀ ਹਜਾਰ ਆਲਮ ਏਕ ਲਖਾਨਾ'' ਆਪ ਹੀ ਹੈ।

ਭਗਤ ਨਾਮਦੇਵ ਜੀ ਦੀ ਬਾਣੀ ਵਿਚ ਮਿਲਦੇ ਹਵਾਲਿਆਂ ਅਤੇ ਘਟਨਾ ਦੇ ਵੇਰਵੇ ਵੇਖਕੇ ਸ਼ਰਧਾਲੂ ਜਨਾਂ ਵਿੱਚ ਅਨੇਕ ਗਾਥਾਵਾਂ ਪ੍ਰਚਲਿੱਤ ਹਨ। ਇਨ੍ਹਾਂ ਗਾਥਾਵਾਂ ਵਿੱਚੋਂ ਮੋਈ ਗਊ ਜਿਊਂਦੀ ਕਰਨਾ, ਟੱਪਰੀ ਪ੍ਰਭੂ ਦੁਆਰਾ ਬਣਾਉਣਾ, ਦੇਹੁਰਾ ਫੇਰਨਾ, ਬੀਠਲੁ ਭਗਵਾਨ ਨੂੰ ਦੁੱਧ ਪਿਲਾਉਣਾ ਬਹੁਤ ਪ੍ਰਸਿੱਧ ਹਨ। ਇਨ੍ਹਾਂ ਦੇ ਆਧਾਰ 'ਤੇ ਕੁੱਝ ਵਿਦਵਾਨਾਂ ਨੇ ਉਨ੍ਹਾਂ ਦੀ ਬਾਣੀ 'ਤੇ ਗੁਰਮਤਿ ਵਿਰੋਧੀ ਹੋਣ ਦਾ ਦੂਸ਼ਣ ਵੀ ਮੜ੍ਹਿਆ ਸੀ, ਪਰ ਡੂੰਘਾ ਉਤਰਿਆਂ, ਅਜਿਹੇ ਸ਼ੰਕੇ ਨਿਰਮੂਲ ਸਿੱਧ ਹੋਏ ਹਨ। ਪ੍ਰੋ: ਸਾਹਿਬ ਸਿੰਘ ਅਤੇ ਗਿ. ਗੁਰਦਿੱਤ ਸਿੰਘ ਜੀ ਨੇ ਆਪਣੇ-ਆਪਣੇ ਢੰਗ ਰਾਹੀਂ ਇਹ ਸ਼ੰਕੇ ਨਵਿਰਤ ਕਰਦਿਆਂ ਉਨ੍ਹਾਂ ਦੀ ਬਾਣੀ ਨੂੰ ਗੁਰੂ ਆਸ਼ੇ 'ਤੇ ਇੰਨ-ਬਿੰਨ ਉਤਰਦੀ ਦਰਸਾਇਆ ਹੈ।

ਭਗਤ ਨਾਮਦੇਵ ਜੀ 'ਭੋਲੇ-ਭਾਲੇ' ਨਿਰਮਲ ਸੁਭਾਅ ਦੇ ਮਾਲਿਕ ਸਨ। ਉਨ੍ਹਾਂ ਦੀ ਰਚਨਾ ਵਿਚ ਪਾਈ ਜਾਂਦੀ ਨਾਟਕੀ ਵਾਰਤਾਲਾਪ ਅਤੇ ਪ੍ਰਭੂ ਨੂੰ ਤਾਹਨੇ ਬਾਜ਼ੀ ਦੇ ਆਧਾਰ 'ਤੇ ਉਨ੍ਹਾਂ ਦੇ ਕਈ ਸ਼ਰਧਾਲੂ ਇਹ ਮੰਨਦੇ ਹਨ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿੱਚ ਕੋਈ 72 ਵਾਰ ਪ੍ਰਭੂ ਦੇ ਸਾਖ਼ਸਾਤ ਦਰਸ਼ਨ ਕੀਤੇ ਸਨ। ਪੰਜਾਬ ਵਾਸੀਆਂ ਨੇ ਭਗਤ ਨਾਮਦੇਵ ਜੀ ਦੇ ਜੀਵਨ ਅਤੇ ਬਾਣੀ ਦੇ ਮਾਣ-ਸਨਮਾਨ ਵਿਚ ਮੇਲਿਆਂ ਅਤੇ ਉਤਸਵਾਂ ਦੀ ਜੋ ਰਿਵਾਇਤ ਕਾਇਮ ਕੀਤੀ ਹੈ ਉਸ ਤੋਂ ਸਹਿਜੇ ਹੀ ਇਹ ਅੰਦਾਜ਼ਾ ਹੋ ਜਾਂਦਾ ਹੈ ਕਿ ਭਗਤ ਜੀ ਦੇ ਪ੍ਰੇਮ ਪਿਆਰ ਦੇ ਉਪਦੇਸ਼ ਨੂੰ ਪੰਜਾਬੀਆਂ ਨੇ ਕਿਸ ਖੁਸ਼-ਅਸੂਲੀ ਨਾਲ ਕੰਠ ਕਰਕੇ ਉਸ 'ਤੇ ਅਮਲ ਕੀਤਾ ਹੈ ਅਤੇ ਕਰ ਰਹੇ ਹਨ। ਉਨ੍ਹਾਂ ਦੇ ਆਪਣੇ ਸ਼ਬਦਾਂ ਵਿੱਚ :-

ਹਿੰਦੂ ਪੂਜੇ ਦੇਹੁਰਾ ਮੁਸਲਮਾਣੁ ਮਸੀਤਿ। ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥

ਗੁਰਬਾਣੀ ਵਿੱਚ ਉਨ੍ਹਾਂ ਦਾ ਸਤਿਕਾਰ ਕਈ ਥਾਂ ਵੇਖਿਆ ਜਾ ਸਕਦਾ ਹੈ ਜਿਹਾ ਕਿ :-

ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧॥

ਭਲੋ ਕਬੀਰੁ ਦਾਸੁ ਦਾਸਨ ਕੋ ਊਤਮੁ ਸੈਨੁ ਜਨੁ ਨਾਈ ॥
ਊਚ ਤੇ ਊਚ ਨਾਮਦੇਉ ਸਮਦਰਸੀ ਰਵਿਦਾਸ ਠਾਕੁਰ ਬਣਿ ਆਈ ॥

# ਦਫ਼ਤਰ ਵਰ - ਘਰ

ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ)

ਮੁੱਖ ਸਰਪ੍ਰਸਤ : ਮਹੰਤ ਕਾਹਨ ਸਿੰਘ 'ਸੇਵਾ ਪੰਥੀ'

ਦਫ਼ਤਰ ਇੰਚਾਰਜ : ਸਿਲਵੰਤ ਕੌਰ

ਸੰਪਰਕ ਫ਼ੋਨ : 0164-2262051 (ਸਵੇਰੇ 9 ਤੋਂ ਸ਼ਾਮ 4 ਵਜੇ ਤੱਕ),

ਜਿਨ੍ਹਾਂ ਨੇ ਦਫ਼ਤਰ ਵਰ-ਘਰ ਵਿੱਚ ਫ਼ਾਰਮ ਭਰੇ ਹੋਏ ਹਨ ਉਹ ਚਿੱਠੀ-ਪੱਤਰ ਕਰਨ ਸਮੇਂ ਬਾਕਸ ਨੰਬਰ ਤੇ ਲੜਕੇ / ਲੜਕੀ ਦੀ ਕਾਰਡ ਸਾਈਜ਼ ਫ਼ੋਟੋ ਰਜਿਸਟਰਡ ਪੱਤਰ ਰਾਹੀ-ਜ਼ਰੂਰ ਭੇਜਣ ਦੀ ਕਿਰਪਾ ਕਰਨ। ਜੇਕਰ ਆਪ ਜੀ ਦੇ ਲੜਕੇ / ਲੜਕੀ ਦਾ ਰਿਸ਼ਤਾ ਹੋ ਜਾਂਦਾ ਹੈ ਤਾਂ ਦਫ਼ਤਰ ਵਰ-ਘਰ ਨੂੰ ਸੂਚਿਤ ਕਰਨ ਦੀ ਕਿਰਪਾਲਤਾ ਕਰਨੀ।

## ਵਰ ਦੀ ਲੋੜ

1. ਅਰੋੜਾ ਹਿੰਦੂ ਐਲਹਵਾਦੀ M.A. Bed, 30 ਸਾਲ 5'2" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1345)
2. ਖੁਰਮੀ ਸੁਨਿਆਰ, M.A. B.ed., PGDCA 25 ਸਾਲ, 5' 5" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1346)
3. ਸੁਨਿਆਰ ਥੱਗਾ, +2, 25 ਸਾਲ, 5'4" ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1347)
4. ਅਰੋੜਾ ਸਿੱਖ ਮੱਕੜ, B.A. Computer Course, 26 ਸਾਲ, 5', ਲੜਕੀ ਲਈ ਯੋਗ ਵਰ ਦੀ ਲੋੜ ਹੈ। (Box No. 1348)

## ਕੰਨਿਆ ਦੀ ਲੋੜ

1. ਅਰੋੜਾ ਹਿੰਦੂ ਵਾਸਨ, Matric., 28 ਸਾਲ, FATHER-NRI, 5'6" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3265)
2. ਅਰੋੜਾ ਹਿੰਦੂ ਚੁੱਘ, +2, ITI Course, 26 ਸਾਲ, 5'6" ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3266)
3. ਅਰੋੜਾ ਸਿੱਖ ਕੁਮਾਰ, B.A. Computer Course., 29 ਸਾਲ, 6', ਵਿਦੇਸ਼ੀ ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3267)
4. ਅਰੋੜਾ ਸਿੱਖ ਘੁਲਿਆਣੀ, BSC, LLM, 31 ਸਾਲ, 5'9" Public Prosecuter, ਲੜਕੇ ਲਈ ਯੋਗ ਕੰਨਿਆ ਦੀ ਲੋੜ ਹੈ। (Box No. 3268)

ਸ਼੍ਰੀਮਾਨ ਸੰਤ ਬਾਬਾ ਕਾਹਨ ਸਿੰਘ ਜੀ ਨੇ ਸੁਭਾਸ਼ ਮਿੱਤਲ ਪ੍ਰਿੰਟਿੰਗ ਪ੍ਰੈਸ ਬਠਿੰਡਾ ਤੋਂ ਛਪਵਾ ਕੇ 'ਭਾਈ ਘਨੱਈਆ ਸੇਵਾ ਸੁਸਾਇਟੀ (ਰਜਿ:)' ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ (ਪੰਜਾਬ) ਤੋਂ ਮਿਤੀ 1 ਨਵੰਬਰ 2008 ਨੂੰ ਜਾਰੀ ਕੀਤਾ।

Bhai Kanhaiya Sewa Joti (Monthly)
Postal Regd. No. PB/BTI-1002/2006-2008, Dt. 3-12-2005
R.N.I. Regd. No. 046716/84



ਮਹੰਤ ਮੱਖਣ ਸਿੰਘ ਜੀ 'ਸੇਵਾ ਪੰਥੀ' ਦੀ ਅਗਵਾਈ ਵਿੱਚ ਸੋਨੇ ਦੀ ਪਾਲਕੀ ਹਜ਼ੂਰ ਸਾਹਿਬ ਵਿਖੇ ਭੇਟ ਕਰਨ ਲਈ ਯਾਤਰਾ ਕਰਦੇ ਮਿਤੀ 4 ਅਕਤੂਬਰ 2008 ਨੂੰ ਰਾਤ ਵਿਸ਼ਰਾਮ ਕਰਨ ਲਈ ਗੋਨਿਆਣਾ ਭਾਈ ਜਗਤਾ ਵਿਖੇ ਪੁੱਜੀ ਉਸ ਦੀਆਂ ਕੁੱਝ ਝਲਕੀਆਂ।

ਟਿਕਾਣਾ ਸਾਹਿਬ ਵਿਖੇ ਮਹੰਤ ਕਾਹਨ ਸਿੰਘ ਜੀ, ਸੰਤ ਹਰਪਾਲ ਸਿੰਘ ਜੀ, ਸੰਤ ਰਣਜੀਤ ਸਿੰਘ ਜੀ, ਸੰਤ ਜਗਜੀਤ ਸਿੰਘ ਜੀ ਨੇ ਮਹੰਤ ਮੱਖਣ ਸਿੰਘ ਜੀ, ਮਹੰਤ ਭਾਈ ਸੁਰਜਨ ਸਿੰਘ ਜੀ ਯੂ.ਪੀ. ਵਾਲੇ ਤੇ ਭਾਈ ਜੋਗਾ ਸਿੰਘ ਜੀ ਆਸਟ੍ਰੇਲੀਆ ਦਾ ਫੁੱਲਾਂ ਦੇ ਹਾਰ ਪਹਿਨਾ ਕੇ ਸਵਾਗਤ ਕੀਤਾ।





ਯਾਤਰਾ ਦੇ ਪਹੁੰਚਣ ਸਮੇਂ ਮਹੰਤ ਕਾਹਨ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੱਥ ਜੋੜ ਕੇ ਤੇ ਸੀਸ ਝੁਕਾ ਕੇ ਸਤਿਕਾਰ ਕਰਦੇ ਹੋਏ।

ਸ੍ਰੀਮਾਨ ਮਹੰਤ ਕਾਹਨ ਸਿੰਘ ਜੀ, ਭਾਈ ਇੰਦਰਜੀਤ ਸਿੰਘ ਜੋਧਕਾ ਦੀ ਰਚਿਤ 'ਬਾਬਾ ਜੋਧ ਸਚਿਆਰ ਦੀ ਜੀਵਨੀ' ਰਿਲੀਜ਼ ਕਰਦੇ ਹੋਏ। ਧੁਰ ਸੱਜੇ ਜੋਧਕਾ ਜੀ ਖੜੇ ਹਨ।



Bhai Kanhaiya Sewa Joti (Monthly) R.N.I. Regd. No. 046716/84
Postal Regd.No.PB/BTI-1002/2006-2008 Dt. 30-12-2005



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 300 ਸਾਲਾ ਗੁਰਤਾ ਗੱਦੀ ਸਬੰਧੀ ਗੋਨਿਆਣਾ ਭਾਈ ਜਗਤਾ ਤੋਂ ਗੁਰਮਤਿ ਪ੍ਰਚਾਰ ਅਤੇ ਨਗਰ ਕੀਰਤਨ ਮਿਤੀ 12 ਅਕਤੂਬਰ 2008 ਦਿਨ ਐਤਵਾਰ ਇਲਾਕੇ ਦੇ 10 ਨਗਰਾਂ ਵਿੱਚ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੀ ਵਿਸ਼ੇਸ਼ ਟਰੈਕਟਰ-ਟਰਾਲੀ ਦੇ ਦਰਸ਼ਨ।

ਨਗਰ ਕੀਰਤਨ ਗੁਰਦੁਆਰਾ ਖਿਆਲੀ ਵਾਲਾ, ਜੰਡਾਂ ਵਾਲਾ ਅਤੇ ਹਰਿਰਾਏਪੁਰ ਵਿਖੇ ਗੁਰਮਤਿ ਪ੍ਰਚਾਰ ਲਈ ਰੁਕਿਆ। ਮਹੰਤ ਕਾਹਨ ਸਿੰਘ ਤੇ ਚਕਰਵਰਤੀ ਗਿਆਨੀ ਜੀ ਸੰਬੋਧਨ ਕਰਦੇ ਹੋਏ।







ਇਲਾਕੇ ਦੇ ਪਿੰਡਾਂ ਦੇ ਗੁਰਦੁਆਰਿਆਂ ਦੇ ਮੁੱਖੀਆਂ ਤੇ ਸੰਗਤਾਂ ਨੇ ਮਹੰਤ ਕਾਹਨ ਸਿੰਘ ਜੀ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ।

Designed by Nindi